
NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges
anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at: 218 Kingknoll Dr., Brampton, ON L6Y 4X4

# ਲੀਕ ਹੋਈ ਰਿਕਾਰਡਿੰਗ ਤੋਂ ਹੋਇਆ ਖੁਲਾਸਾ : ਮਿਜ਼ਾਈਲ ਨਾਲ ਜਹਾਜ਼ ਡੁੰਡੇ ਜਾਣ ਬਾਰੇ ਜਾਣਦਾ ਸੀ ਇਰਾਨ



ਕੀਵ, ਯੂਕਰੇਨ, 3 ਫਰਵਰੀ (ਪੋਸਟ ਬਿਊਰੋ) : ਇਰਾਨੀ ਏਅਰ ਟਰੈਫਿਕ ਕੰਟਰੋਲਰ ਤੇ ਇਰਾਨੀ ਪਾਇਲਟ ਦਰਮਿਆਨ ਹੋਈ ਗੱਲਬਾਤ ਦੀ ਰਿਕਾਰਡਿੰਗ ਲੀਕ ਹੋਣ ਤੋਂ ਤੁਰੰਤ ਬਾਅਦ ਹੀ ਅਧਿਕਾਰੀਆਂ ਨੂੰ ਇਹ ਪਤਾ ਲੱਗ ਗਿਆ ਸੀ ਕਿ ਇੱਕ ਮਿਜ਼ਾਈਲ ਨੇ ਤਹਿਰਾਨ ਤੋਂ ਯੂਕਰੇਨ ਦੇ ਜੈਟਲਾਈਨਰ ਨੂੰ ਮਾਰ ਸੁੱਟਿਆ ਹੈ। ਇਹ ਪਤਾ ਹੋਣ ਦੇ ਬਾਵਜੂਦ ਕਿ ਇਸ ਹਾਦਸੇ ਵਿੱਚ 176 ਲੋਕਾਂ ਦੀ ਮੌਤ ਹੋ ਗਈ ਹੈ ਇਸਲਾਮਿਕ ਰਿਪਬਲਿਕ ਦੇ ਅਧਿਕਾਰੀ ਕਈ ਦਿਨਾਂ ਤੱਕ ਇਸ ਤਰ੍ਹਾਂ ਦੇ ਮਿਜ਼ਾਈਲ ਹਮਲੇ ਤੋਂ ਟਾਲਾ ਵੱਟਦੇ ਰਹੇ।

ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਐਤਵਾਰ ਰਾਤ ਨੂੰ ਯੂਕਰੇਨੀਆਈ ਟੈਲੀਵਿਜਨ ਵਲੋਂ ਨਸਰ ਕੀਤੀ ਗਈ ਰਿਪੋਰਟ ਵਿਚ ਇਹ ਰਿਕਾਰਡਿੰਗਜ ਚਲਾਈਆਂ ਗਈਆਂ। ਸੋਮਵਾਰ ਨੂੰ ਤਹਿਰਾਨ ਵਿਚ ਇਰਾਨੀ ਜਾਂਚ ਟੀਮ ਦੇ ਮੁਖੀ ਹਸਨ ਰੇਜਾਇਫਰ ਨੇ ਸਵੀਕਾਰਿਆ ਕਿ ਇਹ ਰਿਕਾਰਡਿੰਗ ਸਹੀ ਹੈ। ਉਨ੍ਹਾਂ ਆਖਿਆ ਕਿ ਇਸ ਰਿਕਾਰਡਿੰਗ ਨੂੰ ਯੂਕਰੇਨੀਆਈ ਅਧਿਕਾਰੀਆਂ ਹਵਾਲੇ ਕਰ ਦਿਤਾ ਗਿਆ ਹੈ।

8 ਜਨਵਰੀ ਨੂੰ ਵਾਪਰੇ ਇਸ ਹਾਦਸੇ ਤੋਂ ਕਾਫੀ ਸਮਾਂ ਬਾਅਦ ਤਕ ਇਰਾਨੀ ਸਰਕਾਰ ਨੇ ਇਹ ਭੁਲੇਖਾ ਪਾਈ ਰਖਿਆ ਕਿ ਉਹ ਨਹੀਂ ਜਾਣਦੇ ਕਿ ਦੇਸ ਦੇ ਪਾਰਲੀਆਮੈਂਟਰੀ ਰੈਵੋਲਿਊਸਨਰੀ ਗਾਰਡ, ਜੋ ਕਿ ਸਿਰਫ ਸੁਪਰੀਮ ਆਗੂ ਆਯੋਤੋਲ੍ਹਾ ਅਲੀ ਖਾਮੇਨੀ ਨੂੰ ਜਵਾਬਦੇਹ ਹਨ, ਵਲੋਂ ਕਿਸੇ ਤਰ੍ਹਾਂ ਦੇ ਹਵਾਈ ਹਮਲੇ ਵਿਚ ਜਹਾਜ ਨੂੰ ਡੇਗਿਆ ਗਿਆ ਹੈ। ਜਿਕਰਯੋਗ ਹੈ ਕਿ ਬਗਦਾਦ ਵਿਚ ਗਾਰਡਜ ਦੇ ਉਘੇ ਜਨਰਲ ਕਾਸਿਮ ਸੁਲੇਮਾਨੀ ਨੂੰ ਅਮਰੀਕਾ ਵਲੋਂ ਡਰੋਨ ਹਮਲਿਆਂ ਵਿਚ ਮਾਰ ਮੁਕਾਏ ਜਾਣ ਤੋਂ ਬਾਅਦ ਗਾਰਡਜ ਵਲੋਂ ਲਾਂਚ ਕੀਤੀ ਗਈ ਮਿਜਾਈਲ ਵਿਚ ਇਹ ਜਹਾਜ ਨਿਸਾਨਾ ਬਣਾਇਆ ਗਿਆ ਸੀ।

ਫਲਾਈਟ ਟਰੈਕਿੰਗ ਰਡਾਰ ਤੋਂ ਮਿਲੀ ਜਾਣਕਾਰੀ ਅਨੁਸਾਰ ਆਸੇਮਨ ਏਅਰਲਾਈਨ ਦਾ ਜਹਾਜ ਫਲਾਈਟ ਨੰ. 3768 ਤਹਿਰਾਨ ਦੇ ਬਹੁਤ ਨੇੜੇ ਸੀ ਤਾਂ ਹੀ ਉਹ ਇਸ ਹਾਦਸੇ ਨੂੰ ਵੇਖ ਸਕੇ। ਇਰਾਨੀ ਅਧਿਕਾਰੀ ਕਈ ਦਿਨਾਂ ਤਕ ਇਹ ਆਖਦੇ ਰਹੇ ਕਿ ਜਹਾਜ ਨੂੰ ਡੇਗਣ ਪਿਛੇ ਮਿਜਾਈਲ ਜਿੰਮੇਵਾਰ ਨਹੀਂ ਸੀ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਮਰੀਕੀ ਅਧਿਕਾਰੀਆਂ ਵਲੋਂ ਵਾਰੀ ਵਾਰੀ ਇਹ ਆਖੇ ਜਾਣ ਦੇ ਬਾਵਜੂਦ ਕਿ ਉਨ੍ਹਾਂ ਮੁਤਾਬਕ ਜਹਾਜ ਨੂੰ ਮਾਰ ਡੇਗਿਆ ਗਿਆ ਹੈ, ਇਰਾਨੀ ਅਧਿਕਾਰੀਆਂ ਨੇ ਇਹ ਗਲ ਨਹੀਂ ਸੀ ਮੰਨੀਂ। ਜਿਕਰਯੋਗ ਹੈ ਕਿ ਇਸ ਜਹਾਜ ਵਿਚ 57 ਕੈਨੇਡੀਅਨ ਨਾਗਰਿਕ ਸਵਾਰ ਸਨ ਤੇ ਕਈ ਹੋਰ ਅਜਿਹੇ ਲੋਕ ਵੀ ਇਸ ਜਹਾਜ ਵਿਚ ਮੌਜੂਦ ਸਨ ਜਿਨ੍ਹਾਂ ਦੇ ਤਾਰ ਕਿਸੇ ਨਾ ਕਿਸੇ ਤਰ੍ਹਾਂ ਕੈਨੇਡਾ ਨਾਲ ਜੁੜੇ ਸਨ।

REXDALE FINANCIAL SERVICES
WE HELP YOU START, GROW AND SUCCEED
The Mortgage Centre — I direct mortgages Inc.
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY • LOANS • HOME RENOVATION • WANT TO GET OUT OF CREDIT CARD DEBT
ਜ਼ਿਆਦਾ ਕਰਜਾ ਦੇ ਕੇ ਬੈਂਕ ਚੁੱਕੇ ਹੋ? ਆਪਣਾ ਕਰਜਾਂ ਕਰਾਓ!!! ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Self Employed or Unemployed
19 Woodbine Downs Blvd, #201, Etobicoke, ON M9W 6N5
Jaspal Singh Gahunia #M08006400 416.677.0047

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes Sat & Sun 8.00am to 4.00pm Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79
Counterbalance Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

MISSISSAUGA BRAMPTON
AFFORDABLE LIVING
CAMBRIDGE KITCHENER WATERLOO




DOON SOUTH - KITCHENER
" 4 BEDROOM HOME"
SEPARATE ENTRANCE TO BASEMENT

Newly built 4 bedroom, 3 bathroom located mintues to 401 + Conestoga college. The area is Doon South, Kitchener which is extremely popular to GTA Buyers. Only block to newly built public elementary school and park. This home has a large foyer for guests coming and going. The contemporary floor plan is open and welcoming. Kitchen is custom designed with upgraded stainless steel appliances, pantry and large eating island. Dining room is open to kitchen and can hold a large family. Family room flows off the dining room with hardwood floors and rough in fireplace. The main floor has 9 ft ceilings and large windows. Second floor has 4 bedrooms, laundry room and 2 bathrooms. The huge master has walk in closet + big ensuite bathroom. Basement has a separate entrance and large windows all waiting to be finished. Oversized double attached garage and fence yard are great benefits. ASKING $839,000.
**Call Joseph today 519-575-2777**




"LUXURIOUS - LARGE CUSTOM
2 STORY IN - LAW SUIT
FINISHED WALK OUT BASEMENT"

Beautiful Custom built home with over 4500 sqft of finished space. Featuring 4+1 bedrooms with in law suit in basement. Upon entering the double foyer you will be amazed at the luxury finishing. The hardwood floors have marble/granite inlays, the fluted arched columns are incredible, the custom 7" baseboards ad large casings, the 9" main floor ceilings, the stone 2 story fireplace, and the custom built kitchen with upgraded appliances and large island with granite counters. This home has it all then some. On 2nd floor is 4 large bed rooms plus laundry room. The master bedroom is huge with walk in closet and 4pc ensuite bathroom. The bedroom are serviced by another 4 pc large bathroom. The incredible walk out basement has in law suite with separate entrance. Custom Kitchenette with granite counters and raised eating bar. The rec. room has built in custom cabinets + BOSE surround system with gas fire place. 2nd laundry with 3 pc bathroom. The basement leads to a 2 tier deck with pool + hot tub. There is also a large double attached garage and features stamped concrete driveway, sidewalk and rear patio. New shingles, paint, carpets, granite counters and overhead doors. Immaculate condition asking $985,000. **Call Joseph today 519-575-2777**




"BEAUTIFUL BUNGALOW
3/4 ACRE LOT
IN-LAW SUITE"

1700 sqft Bungalow sitting on almost 3/4 of an acre beside kitchener. Minutes to 401. This bungalow has 3+1 bedrooms with a in law suite in basement that is a full basement walk out. The double door foyer is warm and inviting to enter th house. Upon entering is the former dining room plus former living room with the gas fireplace. Then you will enter the kitchen which is open to the 4 season sunroom with gas fireplace. This sunroom looks upon the conservation/ green space behind the home. 3 bedroom + 3 bathrooms home. No neighbours behind just trees. 3 bedrooms + 3 bathrooms on main floor plus laundry. In the basement is in- law suite with 2nd kitchen, 2 bedrooms, large family room with wet bar. Double attached garage plus a double detached garage and drive way holds 12 cars. Incredible views and beautiful lot. Great for large or multiple families.Asking $899,000.
**Call Joseph today 519-575-2777**




"EXECUTIVE LARGE
FAMILY HOME
IN-LAW SUITE"

This stone approx. 6000 fully furnished sq ft bungalow has fully furnished basement with in law suite. Sitting on 1.2 acres in executive gated sub division south of Cambridge. Incredible for large families this home will accommodate them. This home has it all! For clients wanting it all! 3 large bedrooms on main floor with ensuites. Oversized family room with coffered ceilings + gas fireplace leading to opulent luxurious kitchen that belongs in a magazine. The kitchen was custom designed + built with the only finest of finishing. Double island with eating bar and commercial grade appliances. The dining room is exquisete and the granite table holds 14 people. The basement is unreal with the entrance from garage or rear door of full walkout. 3 bedroom in law suite with huge kitchen and island. The rec. room is gigantic and bright with huge window to allow sunshine in. The finished triple garage is dry walled, painted and finished floors. Fully landscaped in a gated community. Asking $1,550,000. **Call Joseph today 519-575-2777**

Joseph INGRAM
SALES REPRESENTATIVE
Call/Text Direct today!
519-575-2777
Joseph@JosephIngram.com
#1 REALTOR TOP INDIVIDUAL SALES CAMBRIDGE 2018
RE/MAX Real Estate Centre, Brokerage Cambridge 519-623-6200 Kitchener 519-741-0950
Awards earned From 2000-2018

**Testimonials**
1) "Joseph brings immense real estate knowledge and research to your disposal. Whether you are buying or selling with him; Joseph stands by you and goes above and beyond to get you the BEST DEAL !" R. MISTRY, Kitchener
2) " I value Joseph's knowledge and privacy in my dealing with him. Joseph is attentive to my family needs and is courteous and respectful. I recommend Joseph to anyone wanting to buy real estate. M. SAHA , Cambridge

## ਅੱਜ ਨਾਮਾ

ਚਰਚਾ ਚੱਲਦੀ ਭੁੱਖ ਦੀ ਕਦੀ ਹੈ ਨਹੀਂ,
ਪੌਣ-ਪਾਣੀ ਤੇ ਰੁੱਖ ਦੀ ਕਦੀ ਹੈ ਨਹੀਂ।
ਚਰਚਾ ਦੇਸ਼ ਦੀ ਸੁੱਖ ਦੀ ਕਦੀ ਹੈ ਨਹੀਂ,
ਚਰਚਾ ਲੋਕਾਂ ਦੇ ਦੁੱਖ ਦੀ ਕਦੀ ਹੈ ਨਹੀਂ।
ਚਰਚਾ ਚੱਲਦੀ ਹੋਰ ਆ ਮਸਲਿਆਂ ਦੀ,
ਰਾਹੋਂ ਭਟਕੇ ਮਨੁੱਖ ਦੀ ਕਦੀ ਹੈ ਨਹੀਂ।
ਅਗਲੀ ਪੀੜ੍ਹੀ ਦੇ ਪੱਲੇ ਆ ਕੀ ਪਾਉਣਾ,
ਹੁੰਦੀ ਮਸਲੇ ਪ੍ਰਮੁੱਖ ਦੀ ਕਦੀ ਹੈ ਨਹੀਂ।
ਸਮਝੇ ਖਾਸ ਨਹੀਂ ਕਦੀ ਵੀ ਖਾਸ ਮੁੱਦੇ,
ਚਰਚਾ ਧਰਮ ਤੇ ਜਾਤ ਦੀ ਹੋਈ ਜਾਵੇ।
ਕਿੱਸਾ ਕੁਰਸੀਆਂ ਦੀ ਕਦੀ ਮੁੱਕਦਾ ਨਾ,
ਜਨਤਾ ਰੋਂਦੀ ਬੇਸ਼ੱਕ ਪਈ ਰੋਈ ਜਾਵੇ।

**ਤੀਸ ਮਾਰ ਖਾਂ**

# ਢੀਂਡਸਾ ਪਿਤਾ-ਪੁੱਤਰ ਨੂੰ ਅਕਾਲੀ ਦਲ ਤੋਂ ਕੱਢਣ ਦੇ ਫੈਸਲੇ ਉੱਤੇ ਕੋਰ ਕਮੇਟੀ ਦੀ ਮੋਹਰ



ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਅਕਾਲੀ ਦਲ ਦੀ ਕੋਰ ਕਮੇਟੀ ਨੇ ਸੁਖਦੇਵ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਪੁੱਤਰ ਤੇ ਅਕਾਲੀ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਵਿੱਚੋਂ ਕੱਢਣ ਦੇ ਫੈਸਲੇ ਉੱਤੇ ਆਪਣੀ ਮੋਹਰ ਲਾ ਦਿੱਤੀ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਉੱਤੇ ਸਵਾਲ ਉਠਾ ਕੇ ਪਾਰਟੀ ਤੋਂ ਬਾਗ਼ੀ ਹੋਏ ਲੋਕਾਂ ਨਾਲ ਮਿਲ ਕੇ ਵੱਖਰਾ ਧੜਾ ਬਣਾਉਣ ਵਾਲੇ ਪਾਰਲੀਮੈਂਟ ਮੈਂਬਰ ਸੁਖੇਦਵ ਸਿੰਘ ਢੀਂਡਸਾ ਤੇ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਦੇ ਖਿਲਾਫ ਪਾਰਟੀ ਵੱਲੋਂ ਆਖਰੀ ਫੈਸਲਾ ਲੈਣ ਦਾ ਇਹ ਮਤਾ ਬੀਤੇ ਐਤਵਾਰ ਸੰਗਰੂਰ ਵਿਖੇ ਹੋਈ ਰੈਲੀ ਮੌਕੇ ਹੀ ਪਾਸ ਕੀਤਾ ਗਿਆ ਸੀ, ਜਿਸ ਉੱਤੇ ਇਕ ਦਿਨ ਬਾਅਦ ਅੱਜ ਸੋਮਵਾਰ ਨੂੰ ਇਸ ਪਾਰਟੀ ਦੀ ਕੋਰ ਕਮੇਟੀ ਨੇ ਮੋਹਰ ਲਾਈ ਤੇ ਦੋਵਾਂ ਨੂੰ ਇਸ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਢੀਂਡਸਾ ਪਿਉ-ਪੁੱਤਰ ਦੇ ਖ਼ਿਲਾਫ਼ ਅੱਜ ਦੀ ਕਾਰਵਾਈ ਤੋਂ ਪਹਿਲਾਂ ਪਾਰਟੀ ਕੋਰ ਕਮੇਟੀ ਦੀ ਪਿਛਲੀ ਮੀਟਿੰਗ ਵੇਲੇ ਉਨ੍ਹਾਂ ਦੋਵਾਂ ਨੂੰ 15 ਦਿਨਾਂ ਦਾ ਕਾਰਨ ਦੱਸੋ ਨੋਟਿਸ ਭੇਜਣ ਦਾ ਫ਼ੈਸਲਾ ਹੋਇਆ ਸੀ, ਪ੍ਰੰਤੂ ਨੋਟਿਸ ਭੇਜੇ ਬਿਨਾਂ ਹੀ ਅੱਜ ਉਨ੍ਹਾਂ ਦੋਵਾਂ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ।

ਅਕਾਲੀ ਦਲ ਦੇ ਆਗੂ ਅਤੇ ਪਾਰਟੀ ਦੇ ਬੁਲਾਰਾ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਢੀਂਡਸਾ ਪਿਉ-ਪੁੱਤਰ ਦੇ ਖ਼ਿਲਾਫ਼ ਪਾਰਟੀ ਦੀ ਸੰਗਰੂਰ ਵਿਖੇ ਕੱਲ੍ਹ ਹੋਈ ਰੈਲੀ ਦੌਰਾਨ ਵਰਕਰਾਂ ਨੇ ਮਤਾ ਪਾਸ ਕਰ ਕੇ ਕਾਰਵਾਈ ਕਰਨ ਦੀ ਮੰਗ ਉਠਾਈ ਸੀ, ਜਿਸ ਉੱਤੇ ਅੱਜ ਸੋਮਵਾਰ ਨੂੰ ਪਾਰਟੀ ਦੀ ਕੋਰ ਕਮੇਟੀ ਨੇ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ ਹੈ।

ਉਂਜ ਅਕਾਲੀ ਦਲ ਦੀ ਕੋਰ ਕਮੇਟੀ ਦੀ ਅੱਜ ਦੀ ਬੈਠਕ ਵਿੱਚ ਕਈ ਮੁੱਦਿਆਂ ਉੱਤੇ ਚਰਚਾ ਹੋਈ ਹੈ। ਇਸ ਬਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕੋਰ ਕਮੇਟੀ ਵਿੱਚ ਗੱਲ ਆਈ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਵੇਲੇ ਪੰਜਾਬ ਸਰਕਾਰ ਤੋੜਨਾ ਚਾਹੁੰਦੀ ਹੈ, ਜਿਸ ਦਾ ਪਤਾ ਏਥੋਂ ਲੱਗਦਾ ਹੈ ਕਿ ਰਾਜ ਸਰਕਾਰ ਨੇ ਹਰਿਆਣਾ ਵਾਸਤੇ ਵੱਖਰੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੀ ਹਮਾਇਤ ਵਾਸਤੇ ਐਫੀਡੇਵਿਟ ਪੇਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇਸ ਬਾਰੇ ਪਹਿਲਾਂ ਵੀ ਸਾਜ਼ਿਸ਼ ਕਰ ਚੁੱਕੀ ਹੈ। ਇਸ ਤੋਂ ਇਲਾਵਾ ਡਾਕਟਰ ਚੀਮਾ ਨੇ ਬਹਿਬਲ ਕਲਾਂ ਕੇਸ ਵਿੱਚ ਮੰਤਰੀ ਗੁਰਪ੍ਰੀਤ ਸਿੰਘ ਕਾਂਗੜਾ ਤੇ ਮੁੱਖ ਮੰਤਰੀ ਦੇ ਸਲਾਹਕਾਰ ਕੁਸ਼ਲਦੀਪ ਸਿੰਘ ਢਿੱਲੋਂ ਦਾ ਨਾਂਅ ਲਿਆ ਅਤੇ ਦੋਵਾਂ ਦੇ ਖਿਲਾਫ ਸੀ ਬੀ ਆਈ ਜਾਂਚ ਦੀ ਮੰਗ ਕੀਤੀ। ਉਨ੍ਹਾ ਦੱਸਿਆ ਕਿ ਅਗਲੇ ਦਿਨਾਂ ਵਿੱਚ ਅਕਾਲੀ ਦਲ ਪੰਜਾਬ ਸਰਕਾਰ ਦੇ ਖ਼ਿਲਾਫ਼ ਰੋਸ ਰੈਲੀਆਂ ਕਰ ਰਿਹਾ ਹੈ, ਜਿਸ ਦੀ ਸ਼ੁਰੂਆਤ 11 ਫਰਵਰੀ ਨੂੰ ਅੰਮ੍ਰਿਤਸਰ ਰੈਲੀ ਤੋਂ ਹੋਵੇਗੀ।

# ਸੰਤ ਢੱਡਰੀਆਂਵਾਲਾ ਨੂੰ ਨਿਹੰਗ ਸਿੰਘਾਂ ਵੱਲੋਂ ਸਿੱਧੀ ਧਮਕੀ



ਸੰਗਰੂਰ, 3 ਫਰਵਰੀ, (ਪੋਸਟ ਬਿਊਰੋ)- ਕੁਝ ਨਿਹੰਗ ਸਿੰਘਾਂ ਵੱਲੋਂ ਸਿਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲਾ ਬਾਰੇ ਜਾਰੀ ਕੀਤੀ ਗਈ ਧਮਕੀ ਦਾ ਵੀਡੀਓ ਇਸ ਵਕਤ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਿਹਾ ਹੈ। ਇਸ ਵਿਚ ਨਿਹੰਗ ਸਿੰਘਾਂ ਵੱਲੋਂ ਸੰਤ ਢੱਡਰੀਆਂਵਾਲਾ ਨੂੰ ਪਿੰਡ ਵਿੱਚ ਦੀਵਾਨ ਨਾ ਲਾਉਣ ਦੀ ਚੇਤਾਵਨੀ ਦਿੱਤੀ ਜਾ ਰਹੀ ਹੈ।

ਤਾਜ਼ਾ ਹਾਲਾਤ ਵਿੱਚ ਸੰਤ ਢੱਡਰੀਆਂਵਾਲਾ ਨੇ ਇੱਕ ਵੀਡੀਓ ਵਿੱਚ ਕਿਹਾ ਹੈ ਕਿ ਪਹਿਲਾਂ ਪੰਜਾਬ ਦੇ ਮਾਝਾ ਖੇਤਰ ਵਿੱਚ ਮੈਨੂੰ ਦੀਵਾਨ ਸਜਾਉਣ ਤੋਂ ਰੋਕਿਆ ਗਿਆ ਸੀ, ਅੱਜ ਮਾਲਵਾ ਵਿੱਚ ਵੀ ਅਜਿਹਾ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸ਼ਰੇਆਮ ਗੁੰਡਾਗਰਦੀ ਹੈ ਤੇ ਇੱਥੇ ਜੇ ਕੋਈ ਝਗੜਾ ਜਾਂ ਵੱਡਾ ਵਿਵਾਦ ਹੋਇਆ ਤਾਂ ਇਸ ਦਾ ਜ਼ਿੰਮੇਦਾਰ ਅਜਨਾਲਾ ਗਰੁੱਪ ਹੋਵੇਗਾ, ਜਿਨ੍ਹਾਂ ਸੰਤ ਢੱਡਰੀਆਂਵਾਲਾ ਨੂੰ ਦੀਵਾਨ ਰੋਕਣ ਦੀ ਧਮਕੀ ਦਿੱਤੀ ਹੈ। ਇਸ ਸੰਬੰਧ ਵਿੱਚ ਉਨ੍ਹਾਂ ਪੁਲਿਸ ਪ੍ਰਸਾਸ਼ਨ ਨੂੰ ਕਿਹਾ ਕਿ ਅਜਿਹੇ ਲੋਕਾਂ ਦੇ ਖਿਲਾਫ ਕਾਰਵਾਈ ਹੋਣੀ ਚਾਹੀਦੀ ਹੈ।

ਪਤਾ ਲੱਗਾ ਹੈ ਕਿ ਨਿਹੰਗ ਸਿੰਘਾਂ ਨੇ ਪਿੰਡ ਗਿੱਦੜਆਣੀ ਵਿੱਚ ਸੰਤ ਢੱਡਰੀਆਂ ਵਾਲੇ ਦਾ ਦੀਵਾਨ ਰੋਕਣ ਦੇ ਲਈ ਓਧਰ ਜਾਣ ਦਾ ਯਤਨ ਕੀਤਾ, ਪਰ ਪੁਲਸ ਨੇ ਰੋਕ ਦਿੱਤਾ ਹੈ। ਨਿਹੰਗ ਸਿੰਘਾਂ ਨੇ ਧਮਕੀ ਦਿੱਤੀ ਹੋਈ ਹੈ ਕਿ ਆਪਣੇ ਵੱਲੋਂ ਕੀਤੇ ਜਾਂਦੇ ਦੀਵਾਨ ਢੱਡਰੀਆਂ ਵਾਲਾ ਨੇ ਨਾ ਰੋਕੇ ਤਾਂ ਮਿਰਚਾਂ ਵਾਲੀ ਬੋਰੀ ਵਿੱਚ ਸੁੱਟ ਕੇ ਉਸ ਨੂੰ ਘੋਟਾ ਲਾਉਣਗੇ।

ਇਸ ਸਥਿਤੀ ਵਿੱਚ ਪਿੰਡ ਵਿੱਚ 1000 ਦੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਲਾਏ ਗਏ ਹਨ ਤੇ ਪਿੰਡ ਨੂੰ ਪੁਲਿਸ ਨੇ ਸਮਾਂ ਗੁਆਏ ਬਿਨਾਂ ਛਾਉਣੀ ਵਰਗੀ ਹਾਲਤ ਵਿੱਚ ਬਦਲ ਦਿੱਤਾ ਹੈ।

## ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ: ਅਕਾਲੀ ਦਲ ਕਿਸੇ ਦੀ ਨਿੱਜੀ ਜਗੀਰ ਨਹੀਂ



ਚੰਡੀਗੜ੍ਹ, 3 ਫਰਵਰੀ, (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਅਕਾਲੀ ਦਲ ਕਿਸੇ ਦੀ ਨਿੱਜੀ ਜਗੀਰ ਨਹੀਂ, ਇਹ ਇਕ ਸੋਚ ਹੈ। ਅਕਾਲੀ ਦਲ ਦੀ ਕੋਰ ਕਮੇਟੀ ਵੱਲੋਂ ਸੁਖਦੇਵ ਸਿੰਘ ਢੀਂਡਸਾ ਅਤੇ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਵਿੱਚੋਂ ਕੱਢੇ ਜਾਣ ਮਗਰੋਂ ਪਰਮਿੰਦਰ ਸਿੰਘ ਢੀਂਡਸਾ ਨੇ ਪ੍ਰਤੀਕ੍ਰਿਆ ਵਿੱਚ ਕਿਹਾ ਕਿ ਇਹ ਤਾਨਾਸ਼ਾਹੀ ਵਿਹਾਰ ਹੈ ਅਤੇ ਬਾਦਲ ਪਰਿਵਾਰ ਕੋਲ ਸੱਚ ਸੁਣਨ ਦਾ ਮਾਦਾ ਨਾ ਹੋਣ ਕਾਰਨ ਹੀ ਸਾਨੂੰ ਨੋਟਿਸ ਦੇਣ ਅਤੇ ਸਾਡਾ ਪੱਖ ਸੁਣਨ ਤੋਂ ਬਗੈਰ ਇਹ ਕਦਮ ਚੁੱਕਿਆ ਗਿਆ ਹੈ।

ਢੀਂਡਸਾ ਪਿਤਾ-ਪੁੱਤਰ ਉੱਤੇ ਕਾਂਗਰਸ ਜਾਂ ਭਾਜਪਾ ਨਾਲ ਮਿਲੇ ਹੋਣ ਦਾ ਦੋਸ਼ ਲਾਉਣ ਵਾਲੇ ਸੁਖਬੀਰ ਸਿੰਘ ਬਾਦਲ ਬਾਰੇ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਸੁਖਬੀਰ ਸਿੰਘ ਤਾਂ ਖੁਦ ਕੈਪਟਨ ਅਮਰਿੰਦਰ ਸਿੰਘ ਨਾਲ ਰਲ਼ੇ ਹੋਏ ਹਨ ਤੇ ਭਾਜਪਾ ਨਾਲ ਅਕਾਲੀ ਦਲ ਦਾ ਗਠਜੋੜ ਹੈ। ਵਿਧਾਇਕੀ ਬਾਰੇ ਪੁੱਛੇ ਜਾਣ ਉੱਤੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਹਲਕੇ ਦੇ ਲੋਕਾਂ ਨੇ ਚੁਣਿਆ ਹੈ, ਜੇ ਅਕਾਲੀ ਦਲ ਨੇ ਜਿਤ-ਾਇਆ ਹੈ ਤਾਂ ਬਾਕੀ 90 ਸੀਟਾਂ ਉੱਤੇ ਅਕਾਲੀ ਉਮੀਦਵਾਰ ਕਿਉਂ ਨਹੀਂ ਜਿੱਤੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਦੇ ਲੋਕ ਕਹਿਣਗੇ ਤਾਂ ਉਹ ਵਿਧਾਇਕ ਵਜੋਂ ਅਸਤੀਫ਼ਾ ਦੇ ਦੇਣਗੇ।

ਬੀਤੇ ਐਤਵਾਰ ਸੰਗਰੂਰ ਵਿੱਚ ਕੀਤੀ ਰੈਲੀ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਢੀਂਡਸਾ ਪਰਿਵਾਰ ਤੇ ਖ਼ਾਸ ਕਰਕੇ ਸੁਖਦੇਵ ਸਿੰਘ ਢੀਂਡਸਾ ਉੱਤੇ ਲਾਏ ਦੋਸ਼ ਰੱਦ ਕਰਦੇ ਹੋਏ ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਮੇਰੇ ਪਿਤਾ ਸੁਖਦੇਵ ਸਿੰਘ ਢੀਂਡਸਾ ਅਤੇ ਮੈਂ ਖੁਦ ਵੀ ਅਕਾਲੀ ਦਲ ਦੇ ਸਿਧਾਂਤਾਂ ਅਤੇ ਸੋਚ ਦੀ ਗੱਲ ਕਰਦੇ ਹਾਂ, ਸਾਨੂੰ ਸੁਖਬੀਰ ਸਿੰਘ ਬਾਦਲ ਦੇ ਵਿਰੁੱਧ ਬੋਲਣ ਕਰ ਕੇ ਪਾਰਟੀ ਤੋਂ ਕੱਢਿਆ ਗਿਆ ਹੈ, ਪਾਰਟੀ ਦਾ ਇਹ ਫ਼ੈਸਲੇ ਹੋਣ ਦਾ ਸਾਨੂੰ ਪਹਿਲਾਂ ਹੀ ਪਤਾ ਸੀ। ਸੰਗਰੂਰ ਵਿਖੇ ਬਾਦਲ ਅਕਾਲੀ ਦਲ ਦੀ ਰੈਲੀ ਬਾਰੇ ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਤੋਂ ਚਹੇਤਿਆਂ ਨੂੰ ਸੱਦ ਕੇ ਜੋ ਮਰਜ਼ੀ ਬੁਲਵਾ ਲੈਣ, ਪਰ ਅਕਾਲੀ ਦਲ ਬਾਰੇ ਅਸਲ ਗੱਲ ਪਿੰਡਾਂ ਜਾਂ ਸੱਥਾਂ ਵਿਚ ਸੁਣੀ ਜਾ ਸਕਦੀ ਹੈ ਕਿ ਲੋਕ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਆਗੂਆਂ ਬਾਰੇ ਕੀ ਕਹਿੰਦੇ ਹਨ।

## ਖੁਲ੍ਹੇ ਬੋਰਵੈੱਲਾਂ ਵਿਚ ਡਿੱਗਦੇ ਬੱਚਿਆਂ ਬਾਰੇ ਸਰਕਾਰਾਂ ਨੂੰ ਸੁਪਰੀਮ ਕੋਰਟ ਵਲੋਂ ਨੋਟਿਸ ਜਾਰੀ

ਨਵੀਂ ਦਿਲੀ, 3 ਫਰਵਰੀ, (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਉਸ ਪਟੀਸ਼ਨ ਉੱਤੇ ਕੇਂਦਰ ਤੇ ਰਾਜਾਂ ਨੂੰ ਨੋਟਿਸ ਜਾਰੀ ਕੀਤਾ ਹੈ, ਜਿਸ ਵਿਚ ਦੇਸ਼ ਵਿਚ ਖੁਲ੍ਹੇ ਪਏ ਬੋਰਵੈੱਲਾਂ ਵਿਚ ਬੱਚਿਆਂ ਦੇ ਡਿਗਣ ਅਤੇ ਮਰਨ ਦੀਆਂ ਘਟਨਾਵਾਂ ਰੋਕਣ ਤੋਂ ਨਾਕਾਮ ਅਧਿਕਾਰੀਆਂ ਵਿਰੁੱਧ ਕਾਰਵਾਈ ਦੀ ਮੰਗ ਕੀਤੀ ਗਈ ਹੈ। ਜਸਟਿਸ ਅਰੁਣ ਮਿਸ਼ਰਾ ਅਤੇ ਜਸਟਿਸ ਐਮ ਆਰ ਸ਼ਾਹ ਦਾ ਬੈਂਚ ਇਕ ਵਕੀਲ ਜੀ ਐਸ ਮਣੀ ਦੀ ਪਟੀਸ਼ਨ ਉੱਤੇ ਸੁਣਵਾਈ ਲਈ ਸਹਿਮਤ ਹੋ ਗਿਆ ਹੈ, ਜਿਸ ਨੇ 2010 ਦੇ ਇਸੇ ਕੋਰਟ ਦੇ ਹੁਕਮ ਮੁਤਾਬਕ ਅਧਿਕਾਰੀਆਂ ਵਿਰੁੱਧ ਕਾਰਵਾਈ ਕਰਨ ਦਾ ਨਿਰਦੇਸ਼ ਦੇਣ ਨੂੰ ਕਿਹਾ ਸੀ। ਅਦਾਲਤ ਨੇ ਇਸ ਪਟੀਸ਼ਨ ਉੱਤੇ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨੋਟਿਸ ਜਾਰੀ ਕੀਤੇ ਹਨ। ਵਕੀਲ ਜੀ ਐਸ ਮਣੀ ਨੇ ਇਸ ਪਟੀਸ਼ਨ ਵਿਚ ਸੁਪਰੀਮ ਕੋਰਟ ਨੂੰ ਕਿਹਾ ਹੈ ਕਿ ਉਹ ਕੇਂਦਰ, ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ ਰੀਕਾਰਡ ਮੰਗੇ ਕਿ ਉਨ੍ਹਾਂ ਨੇ ਸੁਪਰੀਮ ਕੋਰਟ ਦੇ ਅਗਸਤ 2010 ਦੇ ਹੁਕਮ ਦੀ ਪਾਲਣਾ ਕਰਨ ਵਾਸਤੇ ਖੁੱਲ੍ਹੇ ਬੋਰਵੈੱਲ ਵਿਚ ਬੱਚਿਆਂ ਦੇ ਡਿਗਣ ਦੀਆਂ ਘਟਨਾਵਾਂ ਰੋਕਣ ਦੇ ਕੀ ਕਦਮ ਚੁੱਕੇ ਹਨ। ਉਨ੍ਹਾਂ ਕਿਹਾ ਕਿ ਅਧਿਕਾਰੀਆਂ ਦੀ ਲਾਪਰਵਾਹੀ ਤੋਂ ਲੋਕ ਪ੍ਰੇਸ਼ਾਨ ਹਨ, ਕਿਉਂਕਿ ਬੋਰਵੈੱਲਾਂ ਵਿਚ ਡਿਗਣ ਨਾਲ ਕਈ ਬੱਚਿਆਂ ਦੀਆਂ ਮੌਤਾਂ ਹੋਈਆਂ ਹਨ।

# ਬਾਦਲ ਪਿੰਡ ਦੇ ਸਕੂਲ ਵਿੱਚ ਅਫਸਾਨਾ ਦੇ ਗਾਏ ਅਸੱਭਿਅਕ ਗੀਤ ਤੋਂ ਵਿਵਾਦ ਛਿੜਿਆ



ਮੁਕਤਸਰ ਸਾਹਿਬ, 3 ਫਰਵਰੀ, (ਪੋਸਟ ਬਿਊਰੋ)- ਮਸ਼ਹੂਰ ਪੰਜਾਬੀ ਗਾਇਕਾ ਅਫਸਾਨਾ ਖਾਨ ਵਲੋਂ ਬੀਤੇ ਦਿਨੀਂ ਇਸ ਜ਼ਿਲੇ ਦੇ ਪਿੰਡ ਬਾਦਲ ਦੇ ਸਕੂਲ ਵਿੱਚ ਬੱਚਿਆਂ ਦੀ ਸਭਾ ਮੌਕੇ ਅਸੱਭਿਅਕ ਗੀਤ ਗਾਉਣ ਦੇ ਮਾਮਲੇ ਨੇ ਤੂਲ ਫੜ ਲਿਆ ਹੈ। ਇਸ ਤੋਂ ਬਾਅਦ ਗਾਇਕਾ ਅਫਸਾਨਾ ਦੇ ਖਿਲਾਫ ਚੰਡੀਗੜ੍ਹ ਦੇ ਇਕ ਵਿਅਕਤੀ ਨੇ ਮੁਕਤਸਰ ਦੇ ਜ਼ਿਲਾ ਪੁਲਸ ਮੁਖੀ ਕੋਲ ਇੱਕ ਬਾਕਾਇਦਾ ਸ਼ਿਕਾਇਤ ਵੀ ਦਰਜ ਕਰਵਾਈ ਹੈ।

ਵਰਨਣ ਯੋਗ ਹੈ ਕਿ ਪਿੰਡ ਬਾਦਲ ਦੇ ਸਰਕਾਰੀ ਸਕੂਲ ਵਿੱਚ ਪਹੁੰਚੀ ਅਫਸਾਨਾ ਖਾਨ ਨੇ ਬੱਚਿਆਂ ਦੀ ਸਭਾ ਦੌਰਾਨ ਹਥਿਆਰਾਂ ਵਾਲੇ ਅਸੱਭਿਅਕ ਗੀਤ ਗਾਏ ਸਨ। ਇਸ ਬਾਰੇ ਸੋਸ਼ਲ ਮੀਡੀਆ ਉੱਤੇ ਵਾਇਰਲ ਚੱਲਦੀ ਵੀਡੀਓ ਵਿੱਚ ਸਾਫ ਦਿੱਸਦਾ ਹੈ ਕਿ ਪਹਿਲਾਂ ਅਫਸਾਨਾ ਖਾਨ ਬੱਚਿਆਂ ਮੂਹਰੇ ਇਹ ਗੀਤ ਗਾਉਂਦੀ ਹੈ ਤੇ ਪਿੱਛੇ ਬੱਚੇ ਵੀ ਉਹ ਗੀਤ ਦੋਹਰਾਉਂਦੇ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਸਕੂਲ ਦੇ ਪ੍ਰਿੰਸੀਪਲ ਦੇ ਸਾਹਮਣੇ ਹੋਇਆ, ਪਰ ਨਾ ਸਕੂਲ ਪ੍ਰਿੰਸੀਪਲ ਤੇ ਨਾ ਕਿਸੇ ਅਧਿਆਪਕ ਨੇ ਇਸ ਦਾ ਵਿਰੋਧ ਕੀਤਾ। ਇਸ ਘਟਨਾ ਦੀ ਵੀਡੀਓ ਸੋਸ਼ਲ ਮੀਡੀਆ ਉੱਤੇ ਖੂਬ ਵਾਇਰਲ ਹੋ ਰਹੀ ਹੈ। ਪੰਜਾਬੀ ਭਾਸ਼ਾ ਦੇ ਪ੍ਰਚਾਰ ਵਿੱਚ ਲੱਗੇ ਹੋਏ ਕੰਨੜ ਮੂਲ ਦੇ ਵਿਦਵਾਨ ਪੰਡਿਤ ਰਾਓ ਧਨੇਸ਼ਵਰ ਨੇ ਇਸ ਘਟਨਾ ਦੀ ਸ਼ਿਕਾਇਤ ਮੁਕਤਸਰ ਜ਼ਿਲੇ ਦੇ ਪੁਲਸ ਮੁਖੀ ਨੂੰ ਕੀਤੀ ਅਤੇ ਭੜਕਾਊ ਗੀਤ ਗਾਉਣ ਦੇ ਕਾਰਨ ਗਾਇਕਾ ਅਫਸਾਨਾ ਦੇ ਖਿਲਾਫ ਕਾਰਵਾਈ ਦੀ ਮੰਗ ਕੀਤੀ ਹੈ।

### * ਸ਼ਿਕਾਇਤ ਪਿੱਛੋਂ ਅਫਸਾਨਾ ਬੋਲੀ: ਬੱਚਿਆਂ ਦੀ ਮੰਗ ਉੱਤੇ ਗਾਇਐ

ਗਾਇਕਾ ਅਫਸਾਨਾ ਖਾਨ ਦੀ ਸੋਸ਼ਲ ਮੀਡੀਆ ਉੱਤੇ ਇਸ ਸੰਬੰਧ ਵਿੱਚ ਵਾਇਰਲ ਹੋਈ ਵੀਡੀਓ ਦੇ ਕਾਰਨ ਨਵਾਂ ਵਿਵਾਦ ਛਿੜ ਗਿਆ ਹੈ। ਇਸ ਪਿੱਛੋਂ ਅਫਸਾਨਾ ਨੇ ਆਪਣੇ ਇੰਸਟਾਗ੍ਰਾਮ ਅਕਾਊਂਟ ਤੋਂ ਵੀਡੀਓ ਸ਼ੇਅਰ ਕੀਤੀ ਅਤੇ ਕਿਹਾ ਕਿ ਅੱਜ ਉਹ ਜੋ ਕੁਝ ਵੀ ਹੈ, ਸਭ ਲੋਕਾਂ ਦੇ ਪਿਆਰ ਸਦਕਾ ਤੇ ਆਪਣੇ ਪਰਿਵਾਰ ਦੀ ਸਪੋਰਟ ਅਤੇ ਹਮਾਇਤ ਨਾਲ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨਾਂ ਤੋਂ ਕੰਟਰੋਵਰਸੀ ਚੱਲ ਰਹੀ ਹੈ ਸਕੂਲ ਤੇ ਉਨ੍ਹਾਂ ਬਾਰੇ। ਅਫਸਾਨਾ ਨੇ ਸਫਾਈ ਦਿੱਤੀ ਕਿ ਮੈਂ ਆਪਣੇ ਪਿੰਡ ਦੇ ਸਕੂਲ ਗਈ ਤਾਂ ਬੱਚਿਆਂ ਨੇ ਘੇਰਾ ਪਾ ਲਿਆ ਅਤੇ ਗੀਤ 'ਧੱਕਾ' ਦੀ ਫਰਮਾਇਸ਼ ਕਰਨ ਲੱਗੇ। ਬੱਚੇ ਰੱਬ ਦਾ ਰੂਪ ਹੁੰਦੇ ਹਨ, ਮੈਂ ਇੰਨੇ ਸ਼ੋਅ ਕਰਦੀ ਹਾਂ, ਜਿੱਥੇ ਮੈਂ ਲੋਕਾਂ ਦੀ ਡਿਮਾਂਡ ਉੱਤੇ ਗੀਤ ਗਾ ਸਕਦੀ ਹਾਂ ਤਾਂ ਬੱਚਿਆਂ ਦੇ ਮੂੰਹੋਂ ਨਿਕਲਿਆ ਬੋਲ ਕਿਉਂ ਨਾ ਪੂਰਾ ਕਰਾਂ। ਮੇਰਾ ਗੀਤ ਧੱਕਾ ਇੰਨਾ ਹਿੱਟ ਹੋਇਆ ਤੇ ਬੱਚਿਆਂ ਨੇ ਮੈਨੂੰ ਉਸ ਦੀ ਡਿਮਾਂਡ ਕਰ ਦਿੱਤੀ। ਮੈਂ ਉਨ੍ਹਾਂ ਨੂੰ ਉਸ ਗੀਤ ਦੀਆਂ 2-4 ਲਾਈਨਾਂ ਸੁਣਾਈਆਂ, ਜਿਸ ਦੇ ਬੋਲ ਬੱਚਿਆਂ ਨੇ ਮੇਰੇ ਨਾਲ ਗਾਏ ਸਨ।


"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Inderjit Singh
Daljit Singh, President
308 Rutherford Road Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
WE SELL QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Toll Free: 1-877-799-9878, www.skydomeauto.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

Paramjit Deol, Broker
CELL: 416-993-7378
7071 Airport Rd, Suit 201, Mississauga, ON
1. For top dollars, fast sale, Call Paramjit Deol
2. New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available
Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca
"Your neighborhood broker, Call Paramjit Deol Today"

**Toronto $2,150** — For Lease. Bathurst & Lake Shore: Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000** — barBURRITO. 6464 Yonge St 128: Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** — Photo Not Available. 120 Whitmore Rd 15: Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900** — Techlogics. 5315 Tomken Rd 5: Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000** — Gino's Pizza. 136 Queen St S 2: Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** — Photo Not Available. 373 Steeles Ave W 1 : Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999** — 328 Centre St: This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** — Photo Not Available. Hickory & Hemlock: Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** — Photo Not Available. 7120 Pacific Circ B: Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000** — Northshore Blvd To Eagle :Exceptional 2-Storey In One Of Burlington's Most Sought-After Communities South Aldershot!Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000** — Qew And Hurontario :Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** — Photo Not Available. 150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900** — 29 Phillip Ave: For any information call Paramjeet Deol at 905-405-8484.

**Brampton $983,000** — 87 Earlsbridge Blvd: This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000** — Mavis/Derry:Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** — Photo Not Available. 115 Orenda Rd: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਭੋਗ ਤੇ ਅੰਤਮ ਅਰਦਾਸ



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਰਦਾਰਨੀ ਸੁਰਜੀਤ ਕੌਰ ਚਾਹਲ ਪਤਨੀ ਸ਼੍ਰੀ ਅਮਰਜੀਤ ਸਿੰਘ ਚਾਹਲ, ਪਿੰਡ ਰਾਮਗੜ੍ਹ, ਜ਼ਿਲਾ ਬਰਨਾਲਾ, ਜੋ ਕਿ ਬਰੈਂਪਟਨ ਵਿਖੇ ਰਹਿ ਰਹੇ ਸਨ, ਦਾ ਅੰਤਮ ਸਸਕਾਰ 8 ਫਰਵਰੀ, ਦਿਨ ਸ਼ਨੀਵਾਰ ਨੂੰ ਦੁਪਹਿਰ 2:30 ਵਜੇ ਤੋਂ 4:30 ਵਜੇ ਤੱਕ 30 Bramwin Cout, Brampton, Ontario, L6T 5G2 ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਨਮਿਤ ਪਾਠ ਦੇ ਭੋਗ ਸ਼ਾਮ 5:00 ਵਜੇ ਤੋਂ 7:00 ਵਜੇ ਓਂਟਾਰੀਓ ਖਾਲਸਾ ਦਰਬਾਰ ਡਿਕਸੀ ਗੁਰਦੁਆਰਾ ਸਾਹਿਬ, ਹਾਲ ਨੰਬਰ 2 ਵਿਖੇ ਪੈਣਗੇ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ: ਅਮਰਜੀਤ ਸਿੰਘ ਚਾਹਲ ਨਾਲ 647-741-2931 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਐਲੀਮੈਂਟਰੀ ਅਧਿਆਪਕਾਂ ਵੱਲੋਂ ਹੜਤਾਲਾਂ ਦਾ ਸਿਲਸਿਲਾ ਮੁੜ ਸ਼ੁਰੂ ਕਰਨ ਦਾ ਫੈਸਲਾ

ਟੋਰਾਂਟੋ, 3 ਫਰਵਰੀ (ਪੋਸਟ ਬਿਊਰੋ) : ਸਰਕਾਰ ਨਾਲ ਕਾਂਟਰੈਕਟ ਸਬੰਧੀ ਗੱਲਬਾਤ ਸਿਰੇ ਨਾ ਚੜ੍ਹਨ ਤੋਂ ਬਾਅਦ ਸਾਰੀਆਂ ਵੱਡੀਆਂ ਯੂਨੀਅਨਾਂ ਨਾਲ ਜੁੜੇ ਐਲੀਮੈਂਟਰੀ ਅਧਿਆਪਕਾਂ ਵੱਲੋਂ ਮੁੜ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਓਨਟਾਰੀਓ ਦੀ ਐਲੀਮੈਂਟਰੀ ਟੀਚਰਜ਼ ਫੈਡਰੇਸ਼ਨ ਵੱਲੋਂ ਸੋਮਵਾਰ ਨੂੰ ਬਲੂਵਾਟਰ, ਗ੍ਰੈਂਡ ਐਰੀ, ਹਾਲਟਨ, ਓਨਟਾਰੀਓ ਨੌਰਥ ਈਸਟ, ਰੈਨਫਰਿਊ ਕਾਊਂਟੀ, ਸੁਪੀਰੀਅਰ ਗ੍ਰੀਨਸਟੋਨ ਤੇ ਟ੍ਰਿਲੀਅਮ ਲੇਕਲੈਂਡਜ਼ ਸਕੂਲ ਬੋਰਡਜ਼ ਵਿਖੇ ਸਿਲਸਿਲੇਵਾਰ ਹੜਤਾਲ ਕੀਤੀ ਗਈ। ਸ਼ੁੱਕਰਵਾਰ ਸ਼ਾਮ ਨੂੰ ਇੱਕ ਵਾਰੀ ਫਿਰ ਗੱਲਬਾਤ ਦੀ ਲੜੀ ਟੁੱਟ ਜਾਣ ਤੋਂ ਤਿੰਨ ਦਿਨ ਬਾਅਦ ਈਟੀਐਫਓ ਵੱਲੋਂ ਹੜਤਾਲਾਂ ਦਾ ਸਿਲਸਿਲਾ ਮੁੜ ਸ਼ੁਰੂ ਕਰ ਦਿੱਤਾ ਗਿਆ। ਈਟੀਐਫਓ ਦੇ ਮੈਂਬਰ ਹੁਣ ਹਫਤੇ ਵਿੱਚ ਦੋ ਵਾਰੀ ਹਰੇਕ ਬੋਰਡ ਤਹਿਤ ਹੜਤਾਲ ਕਰਨਗੇ। ਪਹਿਲਾਂ ਦੋ ਹਫਤੇ ਵਿੱਚ ਇੱਕ ਵਾਰੀ ਹੜਤਾਲ ਕੀਤੀ ਜਾ ਰਹੀ ਸੀ। ਇਸ ਤੋਂ ਇਲਾਵਾ ਵੀਰਵਾਰ ਨੂੰ ਪ੍ਰੋਵਿੰਸ ਪੱਧਰ ਉੱਤੇ ਹੜਤਾਲ ਕੀਤੀ ਜਾਵੇਗੀ।



ਇੰਗਲਿਸ਼ ਕੈਥੋਲਿਕ ਅਧਿਆਪਕ ਮੰਗਲਵਾਰ ਨੂੰ ਪ੍ਰੋਵਿੰਸ ਭਰ ਵਿੱਚ ਹੜਤਾਲ ਕਰਨ ਜਾ ਰਹੇ ਹਨ। ਇਸੇ ਦਿਨ ਹੀ ਹਾਈ ਸਕੂਲ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਵੱਲੋਂ ਵੀ ਸਿਲਸਿਲੇਵਾਰ ਹੜਤਾਲ ਦੀ ਲੜੀ ਸ਼ੁਰੂ ਕੀਤੀ ਜਾਵੇਗੀ। ਓਨਟਾਰੀਓ ਸੈਕੰਡਰੀ ਸਕੂਲ ਟੀਚਰਜ਼ ਫੈਡਰੇਸ਼ਨ ਵੱਲੋਂ ਪਿੱਛੇ ਜਿਹੇ ਹੋਏ ਇਮਤਿਹਾਨਾਂ ਦੌਰਾਨ ਇਸ ਤਰ੍ਹਾਂ ਦੀ ਹੜਤਾਲ ਨਹੀਂ ਸੀ ਕੀਤੀ ਗਈ। ਪਰ ਉਨ੍ਹਾਂ ਸੰਕੇਤ ਦਿੱਤਾ ਕਿ ਮੰਗਲਵਾਰ ਤੋਂ ਉਨ੍ਹਾਂ ਦੇ ਕੁਝ ਮੈਂਬਰ ਹੜਤਾਲ ਮੁੜ ਸ਼ੁਰੂ ਕਰਨਗੇ।

ਲੇਕਹੈਡ, ਲੈਂਬਟਨ ਕੈਂਟ, ਥੇਮਜ਼ ਵੈਲੀ, ਵਾਟਰਲੂ ਰੀਜਨ, ਯੌਰਕ ਰੀਜਨ, ਹਾਲਟਨ ਤੇ ਕਵਾਰਥਾ ਪਾਈਨ ਰਿਜ ਸਕੂਲ ਬੋਰਡਜ਼ ਵਿਖੇ ਹਾਈ ਸਕੂਲ ਬੰਦ ਰਹਿਣਗੇ। ਇੱਥੇ ਦੱਸਣਾ ਬਣਦਾ ਹੈ ਕਿ 31 ਅਗਸਤ ਤੋਂ ਹੀ ਸਾਰੀਆਂ ਚਾਰ ਵਡੀਆਂ ਟੀਚਰਜ਼ ਯੂਨੀਅਨਜ਼ ਬਿਨਾਂ ਕਾਂਟਰੈਕਟ ਦੇ ਹਨ ਤੇ ਇਸ ਹੜਤਾਲ ਵਿੱਚ ਕਿਸੇ ਨਾ ਕਿਸੇ ਰੂਪ ਵਿੱਚ ਯੋਗਦਾਨ ਪਾ ਰਹੀਆਂ ਹਨ। ਓਨਟਾਰੀਓ ਇੰਗਲਿਸ਼ ਕੈਥੋਲਿਕ ਟੀਚਰਜ਼ ਐਸੋਸਿਏਸ਼ਨ ਤੇ ਫਰੈਂਚ ਸਿਸਟਮ ਵਿੱਚ ਅਧਿਆਪਕਾਂ ਦੀ ਨੁਮਾਇੰਦਗੀ ਕਰਨ ਵਾਲੀ ਯੂਨੀਅਨ ਇਸ ਹਫਤੇ ਬਾਰਗੇਨਿੰਗ ਕਰੇਗੀ।

# ਸੰਧੂ ਵੱਲੋਂ ਖੁਦ 16 ਕਿਲੋਮੀਟਰ ਸਾਈਕਲ ਚਲਾਕੇ ਨਸ਼ਿਆ ਤੋਂ ਦੂਰ ਰਹਿਣ ਲਈ ਅਪੀਲ

ਸ੍ਰੀ ਮੁਕਤਸਰ ਸਾਹਿਬ 3 ਫਰਵਰੀ (ਗਿਆਨ ਸਿੰਘ) ਸ.ਰਾਜਬਚਨ ਸਿੰਘ ਸੰਧੂ ਜੀ ਨੇ ਨੌਜਵਾਨਾ ਨੂੰ ਖੇਡਾ ਨਾਲ ਜੋੜਨ ਦਾ ਸੱਦਾ ਦਿਤਾ । ਇਹ ਗੱਲ ਉਨ੍ਹਾਂ ਨੇ ਸਾਈਕਲ 19 ਕਲੱਬ ਵੱਲੋਂ ਕਰਵਾਈ ਗਈ ਮਿਨੀ ਮੈਰਾਥਨ 16 ਕਿਲੋਮੀਟਰ ਸਾਈਕਲ ਰੇਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਕਹੀ। ਇਸ ਮੌਕੇ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ 16 ਕਿਲੋਮੀਟਰ ਸਾਈਕਲ ਰੇਸ ਵਿੱਚ ਭਾਗ ਲੇ ਕੇ ਇਸ ਸਾਈਕਲ ਰੇਸ ਨੂੰ ਪੂਰਾ ਕੀਤਾ।



ਸ. ਰਾਜਬਚਨ ਸਿੰਘ ਸੰਧੂ ਐਸ.ਐਸ.ਪੀ ਨੇ ਦੱਸਿਆ ਕਿ ਸਰੀਰ ਤੰਦਰੁਸਤ ਹੈ ਤਾਂ ਸਭ ਕੁਝ ਹੈ। ਉਨ੍ਹਾ ਕਿਹਾ ਕਿ ਪੁਲਿਸ ਲਾਇਨ ਅੰਦਰ ਵੀ ਇੱਕ ਸਪੋਰਟ ਕਲੱਬ ਛੇਤੀ ਹੀ ਬਣਾਇਆ ਜਾਵੇਗਾ ਜਿਥੇ ਵੱਧ ਤੋਂ ਵੱਧ ਇਸ ਕਲੱਬ ਦੇ ਮੈਂਬਰ ਬਣਾਏ ਜਾਣਗੇ ਤੇ ਇਸ ਸਪੋਰਟ ਕਲੱਬ ਦਾ ਮਕਸਦ ਨੌਜਵਾਨ ਪੀੜੀ ਨੂੰ ਮਾੜੀ ਸੰਗਤ ਤੋਂ ਬਚਾ ਕੇ ਖੇਡਾ ਨਾਲ ਜੋੜਨਾ ਹੈ ਅਤੇ ਸਰਿਆ ਨੂੰ ਇੱਕਠੇ ਹੋਕੇ ਮੋਢੇ ਨਾਲ ਮੋਢਾ ਜੋੜ ਕੇ ਨਸ਼ਿਆ ਖਿਲਾਫ ਲੜਾਈ ਲੜਨੀ ਹੈ ।ਉਨ੍ਹਾ ਕਿਹਾ ਕਿ ਨਸ਼ੇ ਜਿੰਦਗੀ ਨਾਲ ਤੋੜਦੇ ਹਨ ਅਤੇ ਖੇਡਾਂ ਜਿੰਦਗੀ ਨਾਲ ਜੋੜਦੀਆ ਹਨ। ਉਨ੍ਹਾ ਕਿਹਾ ਜਿਲ੍ਹਾ ਅੰਦਰ ਨੌਜਵਾਨ ਪੀੜੀ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਪੁਲਿਸ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ ਉਨਾਂ ਕਿਹਾ ਕਿ ਖੇਡਾਂ ਅਤੇ ਸਾਇਕਲਿਗ ਨਾਲ ਜਿਥੇ ਚੰਗੀ ਸਿਹਤ ਬਣਾਉਦੀਆ ਹਨ ਉਥੇ ਚੰਗੇ ਵਿਚਾਰ ਵੀ ਪੈਦਾ ਹੁੰਦੇ ਹਨ ਅਤੇ ਮਾੜੀ ਸੰਗਤ ਦੂਰੀ ਬਣਦੀ ਹੈ। ਉਨ੍ਹਾ ਲੋਕਾ ਨੂੰ ਅਤੇ ਨੌਜਵਾਨ ਪੀੜ੍ਹੀ ਨੂੰ ਅਪੀਲ ਕੀਤੀ ਹੈ ਕੇ ਵੱਧ ਤੋਂ ਵੱਧ ਖੇਡਾਂ ਨਾਲ ਜੁੜਣਾ ਚਾਹੀਦਾ ਹੈ।

ਸਾਈਕਲ 19 ਕਲੱਬ ਦੇ ਫਾਉਡਰ ਸ਼ਮਿੰਦਰ ਸਿੰਘ ਠਾਕੁਰ ਨੇ ਦੱਸਿਆ ਕਿ ਇਸ ਮੈਰਾਥਨ ਦੇ ਨਾਲ ਨਾਲ ਸਨਮਾਨ ਸਮਾਰੋਹ ਵੀ ਕਰਵਾਇਆ ਗਿਆ ਜਿਸ ਵਿੱਚ ਬੈਸਟ ਮਾਡਲ ਅਵਾਰਡ ਮਿਸ ਕਮਲ ਚੀਮਾ, ਮੀਡੀਆ ਸਲਾਹਕਾਰ ਸ. ਰਣਜੀਤ ਸਿੰਘ ਢਿਲੋਂ , ਬੈਸਟ ਕ੍ਰਿਕਟ ਕੋਚ ਦਾ ਅਵਾਰਡ ਸ.ਗੁਰਬਾਜ ਸਿੰਘ, ਬੈਸਟ ਸਾਈਕਲ ਰਾਈਡ ਵਿਨੋਦ ਖੁਰਾਨਾ, ਬੋਡੀ ਬਿਲਡਰ ਗੁਰਭੇਜ ਗੁਰੀ, ਬੈਸਟ ਫੋਟੋਗ੍ਰਾਫਰ ਟਾਰਜਨ ਆਦਿ ਨੂੰ ਸਨਮ-ਨਾਤਿ ਕੀਤਾ ਗਿਆ।

# ਸ੍ਰੀਲੰਕਾ ਸੁਪਰੀਮ ਕੋਰਟ ਤੇ ਲੰਡਨ ਹਾਈਕੋਰਟ ਦੇ ਜੱਜ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ

ਅੰਮ੍ਰਿਤਸਰ, 3 ਫ਼ਰਵਰੀ (ਗਿਆਨ ਸਿੰਘ)ਮਾਨਵਤਾ ਦੇ ਅਧਿਆਤਮਿਕ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜ ਸ੍ਰੀਲੰਕਾ ਸੁਪਰੀਮ ਕੋਰਟ ਦੇ ਜੱਜ ਪੀ. ਪਦਮਨ ਸਰਸੇਨਾ ਅਤੇ ਇੰਗਲੈਂਡ ਦੇ ਲੰਡਨ ਹਾਈਕੋਰਟ ਦੇ ਜੱਜ ਬੀਬੀ ਪਰਮਜੀਤ ਕੌਰ (ਡੇਮ ਬੌਬੀ ਚੀਮਾ) ਨੇ ਨਤਮਸਤਕ ਹੋ ਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨਾਲ ਆਕਸਫੋਰਡ ਯੂਨੀਵਰਸਿਟੀ ਇੰਗਲੈਂਡ ਦੇ ਪ੍ਰੋਫੈਸਰ ਸ. ਪ੍ਰੀਤਮ ਸਿੰਘ ਅਤੇ ਸ. ਹਰੀ ਨਾਮ ਸਿੰਘ ਖ਼ਾਲਸਾ ਵੀ ਮੌਜੂਦ ਸਨ। ਇਸ ਦੌਰਾਨ ਉਨ੍ਹਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ, ਸ਼੍ਰੋਮਣੀ ਕਮੇਟੀ ਦੇ ਬੁਲਾਰੇ ਸ. ਕੁਲਵਿੰਦਰ ਸਿੰਘ ਰਮਦਾਸ ਤੇ ਸੂਚਨਾ ਅਧਿਕਾਰੀ ਸ. ਜਸਵਿੰਦਰ ਸਿੰਘ ਜੱਸੀ ਨੇ ਸਾਂਝੇ ਤੌਰ ’ਤੇ ਗੁਰੂ ਬਖ਼ਸ਼ਿਸ਼ ਸਿਰੋਪਾਓ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਤੇ ਧਾਰਮਿਕ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ।



ਇਸ ਮੌਕੇ ਸ੍ਰੀਲੰਕਾ ਸੁਪਰੀਮ ਕੋਰਟ ਦੇ ਜੱਜ ਪੀ. ਪਦਮਨ ਸਰਸੇਨਾ ਨੇ ਕਿਹਾ ਕਿ ਵਿਸ਼ਵ ਦੇ ਮਹਾਨ ਰੂਹਾਨੀ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆ ਕੇ ਉਨ੍ਹਾਂ ਨੂੰ ਬੇਹੱਦ ਪ੍ਰਸੰਨਤਾ ਹੋਈ ਹੈ। ਇਹ ਵਿਸ਼ਵ ਦੇ ਲੋਕਾਂ ਲਈ ਮਾਨਸਿਕ ਸ਼ਾਂਤੀ ਦਾ ਸੋਮਾ ਹੈ। ਇਸ ਦੌਰਾਨ ਲੰਡਨ ਹਾਈਕੋਰਟ ਦੀ ਜੱਜ ਡੇਮ ਬੌਬੀ ਚੀਮਾ ਨੇ ਕਿਹਾ ਕਿ ਉਨ੍ਹਾਂ ਦਾ ਪਾਵਨ ਅਸਥਾਨ ’ਤੇ ਨਤਮਸਤਕ ਹੋਣ ਦਾ ਅਨੁਭਵ ਪ੍ਰੇਰਣਾ ਅਤੇ ਉਤਸ਼ਾਹ ਵਾਲਾ ਹੈ। ਉਨ੍ਹਾਂ ਨੇ ਗੁਰੂ ਸਾਹਿਬ ਅੱਗੇ ਵਿਸ਼ਵ ਸ਼ਾਂਤੀ ਲਈ ਅਰਦਾਸ ਕੀਤੀ ਹੈ। ਲੰਡਨ ਹਾਈਕੋਰਟ ਦੀ ਜੱਜ ਨੇ ਆਪਣੀ ਫੇਰੀ ਨੂੰ ਯਾਦਗਾਰੀ ਅਤੇ ਨਾ ਭੁੱਲਣਯੋਗ ਦੱਸਿਆ। ਇਸੇ ਦੌਰਾਨ ਪੁੱਜੀਆਂ ਸ਼ਖ਼ਸੀਅਤਾਂ ਨੇ ਸਨਮਾਨ ਲਈ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਮੈਨੇਜਰ ਸ. ਇਕਬਾਲ ਸਿੰਘ ਮੁਖੀ, ਸੂਚਨਾ ਅਧਿਕਾਰੀ ਸ. ਅੰਮ੍ਰਿਤਪਾਲ ਸਿੰਘ ਅਤੇ ਹੋਰ ਮੌਜੂਦ ਸਨ।

## ਸਿਰਫਿਰੇ ਬੰਦੇ ਵੱਲੋਂ ਅਮਰੀਕਾ ਦੀ ਬਸ ਵਿੱਚ ਗੋਲੀਬਾਰੀ, 1 ਜਣੇ ਦੀ ਮੌਤ, 5 ਜ਼ਖਮੀ

ਵਾਸ਼ਿੰਗਟਨ, 3 ਫਰਵਰੀ, (ਪੋਸਟ ਬਿਊਰੋ)- ਅਮਰੀਕਾ ਦੇ ਕੈਲੀਫੋਰਨੀਆ ਵਿਚ ਚੱਲਦੀ ਬਸ ਵਿਚ ਗੋਲੀਬਾਰੀ ਹੋਣ ਦੀ ਇਕ ਘਟਨਾ ਨਾਲ ਹਰ ਪਾਸੇ ਸਨਸਨੀ ਫੈਲ ਗਈ ਹੈ। ਮਿਲ ਸਕੀ ਜਾਣਕਾਰੀ ਮੁਤਾਬਕ ਇਸ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਤੇ 5 ਲੋਕਾਂ ਦੇ ਜ਼ਖਮੀ ਹੋਣ ਦੀ ਖਬਰ ਹੈ, ਜਿਨ੍ਹਾਂ ਨੂੰ ਸੁਰੱਖਿਆ ਬਲਾਂ ਨੇ ਨੇੜਲੇ ਹਸਪਤਾਲ ਵਿਚ ਦਾਖਲ ਕਰਵਾਇਆ ਹੈ। ਹਮਲੇ ਦੀ ਖਬਰ ਮਿਲਦੇ ਸਾਰ ਕੈਲੀਫੋਰਨੀਆ ਪੁਲਸ ਨੇ ਮੌਕੇ ਉੱਤੇ ਪਹੁੰਚ ਕੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਮੀਡੀਆ ਰਿਪੋਰਟਾਂ ਮੁਤਾਬਕ ਜਦੋਂ ਬਸ ਵਿਚ ਗੋਲੀਬਾਰੀ ਕੀਤੀ ਗਈ, ਉਸ ਸਮੇਂ ਬਸ ਵਿਚ 40 ਯਾਤਰੀ ਸਵਾਰ ਸਨ ਅਤੇ ਇਹ ਬਸ ਲਾਸ ਏਂਜਲਸ ਤੋਂ ਸਾਨ ਫ੍ਰਾਂਸਿਸਕੋ ਜਾ ਰਹੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਗੋਲੀਬਾਰੀ ਕਰਨ ਵਾਲੇ ਵਿਅਕਤੀ ਨੂੰ ਡਰਾਈਵਰ ਨੇ ਬਸ ਤੋਂ ਉਤਾਰ ਦਿੱਤਾ ਗਿਆ ਤਾਂ ਉਤਰਦੇ ਵਕਤ ਉਸ ਦੇ ਹੱਥ ਤੋਂ ਬੰਦੂਕ ਬਸ ਵਿਚ ਡਿੱਗ ਪਈ, ਜਿਸ ਨੂੰ ਪੁਲਸ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਕੈਲੀਫੋਰਨੀਆ ਹਾਈਵੇਅ ਪੈਟਰੋਲ ਕਮਿਊਨੀਕੇਸ਼ਨਸ ਦੇ ਸੁਪਰਵਾਈਜ਼ਰ ਨੇ ਦੱਸਿਆ ਕਿ ਘਟਨਾ ਸੋਮਵਾਰ ਸਵੇਰੇ ਦੀ ਹੈ ਅਤੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

# ਨੌਜਵਾਨਾਂ ਦੀ ਸਖਸ਼ੀਅਤ ਉਸਾਰੀ ਲਈ ਵਿਦਿਅਕ ਅਦਾਰਿਆਂ ਅਤੇ ਕਲਾ-ਸਾਹਿਤ ਸੰਸਥਾਵਾਂ ਦਾ ਰਲ ਕੇ ਕੰਮ ਕਰਨਾ ਜ਼ਰੂਰੀ : ਡਾ. ਪਾਤਰ

## ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਜਿੱਤਿਆ ਡਾ. ਮਹਿੰਦਰ ਸਿੰਘ ਰੰਧਾਵਾ ਵਿਰਾਸਤੀ ਮੁਕਾਬਲਾ

ਚੰਡੀਗੜ੍ਹ, 3 ਫਰਵਰੀ (ਗਿਆਨ ਸਿੰਘ): ਪੰਜਾਬ ਕਲਾ ਪਰਿਸ਼ਦ ਵੱਲੋਂ ਮਨਾਏ ਜਾ ਰਹੇ ਡਾ. ਮਹਿੰਦਰ ਸਿੰਘ ਰੰਧਾਵਾ ਕਲਾ ਉਤਸਵ ਦੌਰਾਨ ਕਰਵਾਏ ਗਏ ਵਿਰਾਸਤੀ ਮੁਕਾਬਲਿਆਂ ਦੌਰਾਨ ਰੰਧਾਵਾ ਵਿਰਾਸਤੀ ਕੱਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਜਿੱਤਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਓਵਰ ਆਲ ਦੂਸਰਾ ਸਥਾਨ ਹਾਸਲ ਕੀਤਾ। ਵਿਅਕਤੀਗਤ ਅਤੇ ਟੀਮ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਅਤੇ ਟੀਮਾਂ ਨੂੰ ਪੰਜਾਬ ਕਲਾ ਪਰਿਸ਼ਦ ਦੇ ਚੇਅਰਮੈਨ ਡਾ.ਸੁਰਜੀਤ ਪਾਤਰ ਨੇ ਇਨਾਮਾਂ ਦੀ ਵੰਡ ਕੀਤੀ।



ਇਨਾਮ ਵੰਡ ਸਮਾਰੋਹ ਦੌਰਾਨ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਡਾ. ਸੁਰਜੀਤ ਪਾਤਰ ਨੇ ਕਿਹਾ ਕਿ ਲੋਕ ਕਲਾਵਾਂ ਵਿੱਚ ਜ਼ਿੰਦਗੀ ਨੂੰ ਮਾਨਣ ਦਾ ਹੁਨਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਲੋਕ ਕਲਾਵਾਂ ਸਾਨੂੰ ਜ਼ਿੰਦਗੀ ਦੇ ਬਹੁਤ ਨੇੜੇ ਤੋਂ ਦਰਸ਼ਨ ਕਰਵਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕ-ਦਸਤਕਾਰੀ ਨਾਲ ਜੁੜੇ ਇਨਸਾਨ ਮਿਹਨਤੀ, ਇਮਾਨਦਾਰ ਅਤੇ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਦੇ ਸਮਰੱਥ ਹੁੰਦੇ ਹਨ। ਉਨ੍ਹਾਂ ਕਿਹਾ ਕਿਹਾ ਵਿਰਾਸਤੀ ਕਲਾਵਾਂ ਨੂੰ ਸੰਭਾਲਣ ਵਿੱਚ ਸਾਡੇ ਵਿਦਿਅਕ ਅਦਾਰਿਆਂ ਦੀ ਬਹੁਤ ਵੱਡੀ ਦੇਣ ਹੈ ਜਿਸ ਨੂੰ ਹੋਰ ਹੁਲਾਰਾ ਦੇਣਾ ਚਾਹੀਦਾ ਹੈ।

ਜੇਤੂ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਡਾ.ਪਾਤਰ ਨੇ ਕਿਹਾ ਕਿ ਨੌਜਵਾਨ ਵਿਦਿਆਰਥੀਆਂ ਦੀ ਸਖਸ਼ੀਅਤ ਉਸਾਰੀ ਲਈ ਵਿਦਿਅਕ ਅਦਾਰੇ ਅਤੇ ਕਲਾ-ਸਾਹਿਤ ਸੰਸਥਾਵਾਂ ਦਾ ਰਲਕੇ ਕੰਮ ਕਰਨਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਤਕਨੀਕੀ ਯੁਗ ਵਿੱਚ ਇਸ ਤਰ੍ਹਾਂ ਦੀ ਲੋਕ ਵਿਰਾਸਤ ਨੂੰ ਸੰਭਾਲ ਕੇ ਰੱਖਣਾ ਸ਼ਲਾਘਾਯੋਗ ਵੀ ਹੈ ਅਤੇ ਇਸ ਗੱਲ ਦਾ ਸਬੂਤ ਵੀ ਹੈ ਇਹ ਕਲਾਵਾਂ ਸੰਜੀਵ ਹਨ।

ਸਵਾਗਤੀ ਸ਼ਬਦਾਂ ਦੌਰਾਨ ਪੰਜਾਬੀ ਸੰਗੀਤ ਨਾਟਕ ਅਕਾਦਮੀ ਦੇ ਮੀਤ ਪ੍ਰਧਾਨ ਡਾ. ਨਿਰਮਲ ਜੌੜਾ ਨੇ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਦਸਤਕਾਰੀ ਕਿਰਤ ਕਲਾ ਨਾਲ ਜੋੜਨਾ ਸਮੇਂ ਦੀ ਲੋੜ ਹੈ ਜਿਸ ਕਰਕੇ ਪੰਜਾਬ ਕਲਾ ਪਰਿਸ਼ਦ ਵੱਲੋਂ ਇਨ੍ਹਾਂ ਮੁਕਾਬਲਿਆਂ ਵੱਲ ਵਿਸ਼ੇਸ ਧਿਆਨ ਦਿੱਤਾ ਜਾਂਦਾ ਹੈ। ਸਮਾਗਮ ਵਿੱਚ ਵਿਸ਼ੇਸ ਤੌਰ ’ਤੇ ਪਹੁੰਚੇ ਪੰਜਾਬ ਰਾਜ ਸੂਚਨਾ ਕਮਿਸ਼ਨਰ ਸ. ਨਿਧੜਕ ਸਿੰਘ ਬਰਾੜ ਨੇ ਲੋਕ ਕਲਾਵਾਂ ਨੂੰ ਜਿਉਂਦਾ ਰੱਖਣ ਲਈ ਕਲਾ ਪਰਿਸ਼ਦ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਪੰਜਾਬ ਕਲਾ ਪਰਿਸ਼ਦ ਦੇ ਮੀਡੀਆ ਕੋਅਰਡੀਨੇਟਰ ਨਿੰਦਰ ਘੁਗਿਆਣਵੀ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਰੰਧਾਵਾ ਉਤਸਵ ਦੌਰਾਨ ਭਲਕੇ ਬੋਪਾਰਾਏ ਭਰਾਵਾਂ ਨਾਲ ਤੇਰੇ ਸਨਮੁਖ, ਪੁਆਧੀ ਜਲਸਾ ਅਤੇ ਸ਼ਾਮ ਨੂੰ ਕਵੀ ਦਰਬਾਰ ਹੋਵੇਗਾ।

ਇਸ ਮੌਕੇ ਹੋਏ ਵਿਰਾਸਤੀ ਕੁਇਜ਼ ਮੁਕਾ-ਬਲੇ ਵਿੱਚ ਸਰਕਾਰੀ ਕਾਲਜ ਹੁਸ਼ਿਆਰਪੁਰ ਨੇ ਪਹਿਲਾ, ਪੰਜਾਬੀ ਯੂਨੀਵਰਸਿਟੀ ਪਟਿਆਲਾ ਕੈਂਪਸ ਨੇ ਦੂਜਾ ਤੇ ਬੱਬਰ ਅਕਾਲੀ ਮੈਮੋਰੀਅਲ ਕਾਲਜ ਗੜ੍ਹਸ਼ੰਕਰ ਨੇ ਤੀਜਾ ਸਥਾਨ ਹਾਸਲ ਕੀਤਾ ਜਦੋਂ ਕਿ ਦਸਮੇਸ਼ ਗਰਲਜ਼ ਕਾਲਜ ਬਾਦਲ ਅਤੇ ਸਰਕਾਰੀ ਕਾਲਜ (ਲੜਕੀਆਂ) ਲੁਧਿਆਣਾ ਨੂੰ ਹੌਸਲਾ ਵਧਾਊ ਇਨਾਮ ਪ੍ਰਾਪਤ ਹੋਏ। ਇਸੇ ਤਰ੍ਹਾਂ ਪੱਖੀ ਬੁਨਣ ਵਿੱਚ ਦਸਮੇਸ਼ ਗਰਲਜ਼ ਕਾਲਜ ਬਾਦਲ ਨੇ ਪਹਿਲਾ, ਗੁਰੂ ਨਾਨਕ ਗਰਲਜ਼ ਕਾਲਜ ਲੁਧਿਆਣਾ ਨੇ ਦੂਜਾ ਤੇ ਸਰਕਾਰੀ ਕਾਲਜ ਸੈਕਟਰ 42 ਚੰਡੀਗੜ੍ਹ ਨੇ ਤੀਜਾ, ਖਿੱਦੋ ਬਨਾਉਣ ਵਿੱਚ ਬੀ.ਸੀ.ਐਮ.ਕਾਲਜ ਲੁਧਿਆਣਾ ਨੇ ਪਹਿਲਾ, ਆਤਮ ਵਲਵ ਜੈਨ ਕਾਲਜ ਲੁਧਿਆਣਾ ਨੇ ਦੂਜਾ ਤੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਸੁਨਾਮ ਨੇ ਤੀਜਾ, ਫੁਲਕਾਰੀ ਵਿੱਚ ਭਾਗ ਸਿੰਘ ਖਾਲਸਾ ਕਾਲਜ ਕਾਲਾ ਟਿੱਬਾ ਅਬੋਹਰ ਨੇ ਪਹਿਲਾ, ਆਤਮ ਵਲਵ ਜੈਨ ਕਾਲਜ ਲੁਧਿਆਣਾ ਨੇ ਦੂਜਾ ਤੇ ਰੱਤੇਵਾਲ ਕਾਲਜ ਨੇ ਤੀਜਾ, ਬਾਗ ਵਿੱਚ ਭਾਗ ਸਿੰਘ ਖਾਲਸਾ ਕਾਲਜ ਕਾਲਾ ਟਿੱਬਾ ਨੇ ਪਹਿਲਾ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਦੂਜਾ ਤੇ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ, ਗੁੱਡੀਆ ਪਟੋਲੇ ਵਿੱਚ ਸੰਤ ਬਾਬਾ ਭਾਗ ਸਿੰਘ ਕਾਲਜ ਸੁਖਾਨੰਦ ਨੇ ਪਹਿਲਾ, ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਤੇ ਦਸਮੇਸ਼ ਗਰਲਜ਼ ਕਾਲਜ ਬਾਦਲ ਨੇ ਦੂਜਾ, ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਨੇ ਤੀਜਾ, ਛਿੱਕੂ ਬਣਾਉਣ ਵਿੱਚ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਪਹਿਲਾ, ਆਤਮ ਵਲਵ ਜੈਨ ਕਾਲਜ ਲੁਧਿਆਣਾ ਨੇ ਦੂਜਾ ਤੇ ਗੁਰੂ ਨਾਨਕ ਕਾਲਜ ਬੁਢਲਾਡਾ ਨੇ ਤੀਜਾ, ਪਰਾਂਦਾ ਬਣਾਉਣ ਵਿੱਚ ਰਾਮਗੜ੍ਹੀਆ ਗਰਲਜ਼ ਕਾਲਜ ਲੁਧਿਆਣਾ ਨੇ ਪਹਿਲਾ, ਦਸਮੇਸ਼ ਗਰਲਜ਼ ਕਾਲਜ ਬਾਦਲ ਨੇ ਦੂਜਾ ਤੇ ਸਰਕਾਰੀ ਕਾਲਜ ਲੜਕੀਆਂ ਲੁਧਿਆਣਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਨ੍ਹਾ ਮੁਕਾਬਲਿਆਂ ਦਾ ਨਿਰਣਾ ਲੋਕ ਕਲਾਵਾਂ ਦੇ ਮਾਹਰ ਪ੍ਰੋ ਕਿਰਪਾਲ ਕਜ਼ਾਕ, ਜਸਮੇਰ ਸਿੰਘ ਢੱਟ ਅਤੇ ਮੈਡਮ ਕਰਮਜੀਤ ਕੌਰ ਨੇ ਕੀਤਾ ਜਦੋਂ ਕਿ ਵਿਰਾਸਤੀ ਕੁਇਜ਼ ਪ੍ਰੀਤਮ ਸਿੰਘ ਰੁਪਾਲ ਨੇ ਕਰਵਾਈ। ਇਸ ਮੌਕੇ ਪੰਜਾਬ ਸੰਗੀਤ ਨਾਟਕ ਅਕਾਦਮੀ ਦੇ ਪ੍ਰਧਾਨ ਕੇਵਲ ਧਾਲੀਵਾਲ ਤੇ ਸਕੱਤਰ ਪ੍ਰੀਤਮ ਰੁਪਾਲ, ਲਲਿਤ ਕਲਾ ਅਕਾਦਮੀ ਦੇ ਪ੍ਰਧਾਨ ਦੀਵਾਨ ਮਾਨਾ, ਕੇਂਦਰੀ ਲੇਖਕ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ ਆਦਿ ਹਾਜ਼ਰ ਸਨ।

ਬਰਾੜ ਗਰਾਜ ਡੋਰ




ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers



We Install
Garage Door Openers

• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE

ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ




ਕਰਤਾਰ ਫਰਨੀਚਰ

- ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ

Email: kartarfurnitue@live.com

Call Rajinder Singh 416.741.9657 69 Westmore Dr. #20 Etobicoke ON, M9V 3Y6



# ਸੰਪਾਦਕੀ

## ਹੁਆਵੇਅ ਨੂੰ ਫੰਡਾਂ ਬਾਰੇ ਪਰਦਾ ਕਿਉਂ?

ਵੱਡੀ ਗਿਣਤੀ ਵਿੱਚ ਕੈਨੇਡੀਅਨ ਪਬਲਿਕ ਇਸ ਗੱਲ ਤੋਂ ਖਫ਼ਾ ਹੈ ਕਿ ਤਕਨਾਲੋਜੀ ਕੰਪਨੀ ਹੁਆਵੇਅ (Huawei) ਦੀ ਚੀਫ ਫਾਈਨਾਂਸ਼ੀਅਲ ਅਫ਼ਸਰ ਮੈਂਗ ਵਾਨਜ਼ੂ (Meng Wanjhou) ਨੂੰ ਕੈਨੇਡਾ ਨੇ ਅਮਰੀਕਾ ਵੱਲੋ ਪਾਏ ਗਏ ਦਬਾਅ ਕਾਰਣ ਹਿਰਾ-ਸਤ ਵਿੱਚ ਲਿਆ ਸੀ ਜਿਸ ਨਾਲ ਦੇਸ਼ ਦੀ ਸੁਤੰਤਰ ਫੈਸਲੇ ਲੈਣ ਦੀ ਸ਼ਕਤੀ ਉੱਤੇ ਸੁਆਲ ਉੱਠਦੇ ਹਨ। ਮਿਸਾਲ ਵਜੋਂ ਜੇ ਕੈਨੇਡਾ ਨੇ ਅਜਿਹੀ ਤਾਕੀਦ ਅਮਰੀਕਾ ਨੂੰ ਕੀਤੀ ਹੋਵੇ ਤਾਂ ਕਿੰਨੀ ਕੁ ਸੰਭਾਵਨਾ ਹੈ ਕਿ ਉਸ ਉੱਤੇ ਅਮਲ ਕੀਤਾ ਜਾਵੇਗਾ? ਕੈਨੇਡੀਅਨ ਪਬਲਿਕ ਨੂੰ ਇਸ ਗੱਲੋਂ ਵੀ ਪਰੇਸ਼ਾਨ ਹੈ ਕਿ ਜਿਸ ਦਿਨ ਮੈਂਗ ਵਾਂਨਜ਼ੂ ਨੂੰ ਹਿਰਾਸਤ ਵਿੱਚ ਲਿਆ ਗਿਆ, ਉਸਤੋਂ ਚੰਦ ਦਿਨਾਂ ਵਿੱਚ ਹੀ ਚੀਨ ਨੇ ਦੋ ਕੈਨੇਡੀਅਨਾਂ ਨੂੰ ਕਥਿਤ ਰੂਪ ਵਿੱਚ ਝੂਠੇ ਕੇਸ ਦਾਇਰ ਕਰਕੇ ਜੇਲ੍ਹ ਸੁੱਟ ਦਿੱਤਾ ਗਿਆ ਜਿੱਥੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਵੀ ਹੋ ਸਕਦੀ ਹੈ।

ਉਪਰੋਕਤ ਉਠਾਏ ਗਏ ਸੁਆਲ ਕੈਨੇਡਾ ਦੀ ਵਿਦੇਸ਼ ਨੀਤੀ, ਟਰੇਡ ਨੀਤੀ ਅਤੇ ਫਰੀ ਟਰੇਡ ਬਾਰੇ ਸਮਰੱਥਾ ਉੱਤੇ ਵੀ ਸੁਆਲ ਹਨ। ਹੁਣ ਖ਼ਬਰਾਂ ਸਾਹਮਣੇ ਆਈਆਂ ਹਨ ਕਿ ਕੈਨੇਡਾ ਫੈਡਰਲ ਸਰਕਾਰ ਅਤੇ ਉਂਟੇਰੀਓ ਦੀ ਸਾਬਕਾ ਲਿਬਰਲ ਸਰਕਾਰ ਨੇ ਖੋਜ ਅਤੇ ਹੋਰ ਸਬੰਧਿਤ ਕਾਰਜ ਕਰਨ ਲਈ ਹੁਆਵੇਅ ਨੂੰ ਕੈਨੇਡੀਅਨਾਂ ਦੇ ਟੈਕਸ ਡਾਲਰਾਂ ਦੇ 16 ਮਿਲੀਅਨ ਡਾਲਰ ਅਦਾ ਕੀਤੇ ਹਨ। ਜ਼ਿਆਦਾਤਰ ਕਰਕੇ ਫੰਡ ਇਹ ਪੱਖ ਉਜਾਰਨ ਕਰਨ ਲਈ ਦਿੱਤੇ ਗਏ ਹਨ ਕਿ ਹੁਆਵੇਅ ਕਿਹੜੇ ਕਦਮ ਚੁੱਕ ਕੇ ਕੈਨੇਡਾ ਵਿੱਚ ਜੀ-5 ਨੈੱਟਵਰਕ ਨੂੰ ਮਜ਼ਬੂਤ ਕਰ ਸਕਦੀ ਹੈ। ਇਸ ਵਿੱਚ ਮੈਕਗਿੱਲ ਯੂਨੀਵਰਸਿਟੀ ਦੇ ਇੱਕ ਪ੍ਰੋਫੈਸਰ ਨੂੰ 7 ਲੱਖ 40 ਹਜ਼ਾਰ ਡਾਲਰ ਦੀ ਸਹਾਇਤਾ ਦੇਣਾ ਸ਼ਾਮਲ ਹੈ ਜਿਸਦਾ ਮਨੋਰਥ ਹੁਆਵੇਅ ਨਾਲ ਮਿਲ ਕੇ ਅਤੀਅੰਤ ਆਧੁਨਿਕ ਵਾਲਾ ਕੰਮ ਕਰਨਾ ਹੈ ਜਿਸ ਨਾਲ ਕੰਪਨੀ ਨੂੰ ਕੈਨੇਡੀਅਨ ਮਾਰਕੀਟ ਵਿੱਚ ਹੋਰ ਮਜ਼ਬੂਤੀ ਮਿਲੇ।

ਦੂਜੇ ਪਾਸੇ ਹੁਆਵੇਅ ਅਤੇ ਚੀਨ ਸਰਕਾਰ ਦਰਮਿਆਨ ਬਣੇ ਰਿਸ਼ਤੇ ਨੂੰ ਲੈ ਕੇ ਵਿਸ਼ਵ ਭਰ ਵਿੱਚ ਚਰਚਾ ਹੈ ਜਿਸ ਕਾਰਣ ਮਾਹਰਾਂ ਵੱਲੋਂ ਸਲਾਹ ਦਿੱਤੀ ਜਾ ਰਹੀ ਹੈ ਕਿ ਇਸ ਕੰਪਨੀ ਦੇ ਹੱਥਾਂ ਵਿੱਚ ਲੱਖਾਂ ਕੈਨੇਡੀਅਨਾਂ ਦੀ ਜਾਣਕਾਰੀ ਦੇਣਾ ਖਤਰੇ ਤੋਂ ਖਾਲੀ ਨਹੀਂ ਹੋ ਸਕਦਾ। ਤਕਨਾਲੋਜੀ ਖਾਸ ਕਰਕੇ ਫੋਨ ਅਤੇ ਇੰਟਰਨੈੱਟ ਤਕਨਾਲੋਜੀ ਦੇ ਕਈ ਮਾਹਰਾਂ ਦਾ ਆਖਣਾ ਹੈ ਕਿ ਹੁਆਵੇਅ ਉੱਤੇ ਅੰਨਾਧੁੰਦ ਵਿਸ਼ਵਾਸ਼ ਕਰਨਾ ਸਹੀ ਨਹੀਂ ਹੋਵੇਗਾ। ਇਸੇ ਲਈ ਸਰਕਾਰ ਵੱਲੋਂ ਹੁਆਵੇਅ ਨੂੰ ਕੈਨੇਡਾ ਵਿੱਚ ਜੀ-5 ਲਾਗੂ ਕਰਨ ਦੀ ਇਜਾਜ਼ਤ ਦੇਣ ਬਾਰੇ ਬਹੁਤ ਸਾਰੇ ਕੈਨੇਡੀਅਨਾਂ ਨੂੰ ਤੌਖਲੇ ਹਨ। ਇਹਨਾਂ ਤੌਖਲਿਆਂ ਪਿੱਛੇ ਇਹ ਸ਼ੱਕ ਹੈ ਇਹ ਕੰਪਨੀ ਸੰਵੇਦਨਸ਼ੀਲ ਜਾਣਕਾਰੀ ਨੂੰ ਚੀਨ ਸਰਕਾਰ ਨਾਲ ਸਾਂਝਾ ਕਰ ਸਕਦੀ ਹੈ।

ਬੇਸ਼ੱਕ ਹੁਆਵੇਅ ਦਾ ਦਾਅਵਾ ਹੈ ਕਿ ਇਹ ਇੱਕ ਪ੍ਰਾਈਵੇਟ ਕੰਪਨੀ ਹੈ ਜਿਸਦਾ ਸਰਕਾਰ ਨਾਲ ਕੋਈ ਤਾਅਲੁੱਕ ਨਹੀਂ ਹੈ ਪਰ ਕੁੱਝ ਗੱਲਾਂ ਹਨ ਜਿਹਨਾਂ ਕਾਰਣ ਕੰਪਨੀ ਦੇ ਕੰਮਕਾਜ ਦੀ ਸ਼ੈਲੀ ਬਾਰੇ ਸੁਆਲ ਉੱਠਦੇ ਹਨ। ਮਿਸਾਲ ਵਜੋਂ ਇਸਦਾ ਮੁੱਖ ਕਾਰਜਕਾਰੀ ਅਫ਼ਸਰ ਅਤੇ ਮੈਂਗ ਵਾਨਜ਼ੂ ਦਾ ਪਿਤਾ ਰੇਨ ਜ਼ੈਨਫੀ (Ren Zhengfei) ਚੀਨ ਦੀ ਪੀਪਲਜ਼ ਰੀਬਲੀਕਨ ਆਰਮੀ ਦਾ ਸਾਬਕਾ ਡਿਪਟੀ ਡਾਇਰੈਕਟਰ ਹੈ। ਹੁਆਵੇਅ ਦੀ ਮੁਲਾਜ਼ਮ ਟਰੇਡ ਯੂਨੀਅਨ ਆਲ ਚਾਈਨਾ ਫੈਡਰੇਸ਼ਨ ਆਫ ਟਰੇਡ ਨਾਲ ਰਜਿਸਟਰਡ ਹੈ ਜਿਸ ਉੱਤੇ ਚੀਨ ਦੀ ਸਰਕਾਰੀ ਕਮਿਉਨਿਸਟ ਪਾਰਟੀ ਦਾ ਮੁਕੰਮਲ ਕੰਟਰੋਲ ਹੈ। ਆਸਟਰੇਲੀਅਨ ਸਟਰੈਟੀਜਕ ਪਾਲਸੀ ਇਨਸਟੀਚਿਉਟ (Australian Strategic Policy Institute) ਮੁਤਾਬਕ ਹੁਆਵੇਅ ਦਾ ਕੰਮ ਸਿੱਧੇ ਤੌਰ ਉੱਤੇ ਚੀਨੀ ਸਰਕਾਰ ਤੋਂ ਪ੍ਰਭਾਵਿਤ ਹੈ। ਇਹ ਵੀ ਖਬ਼ਰਾਂ ਹਨ ਕਿ ਚੀਨ ਵਿੱਚ 2017 ਵਿੱਚ ਇੱਕ ਕਾਨੂੰਨ ਪਾਸ ਕੀਤਾ ਗਿਆ ਜਿਸ ਤਹਿਤ ਕਿਸੇ ਵੀ ਚੀਨੀ ਕੰਪਨੀ ਕੋਲ ਜੀ-5 ਉੱਤੇ ਪਿਆ ਸਾਰਾ ਡਾਟਾ ਸਰਕਾਰ ਕਿਸੇ ਵੀ ਵੇਲੇ ਮੰਗ ਸਕਦੀ ਹੈ। ਹੁਆਵੇਅ ਵੱਲੋਂ ਇਹਨਾਂ ਖਬਰਾਂ ਦਾ ਖੰਡਨ ਕੀਤਾ ਗਿਆ ਹੈ ਪਰ ਸੱਚ ਇਹ ਵੀ ਹੈ ਕਿ ਹਾਲੈਂਡ ਅਤੇ ਪੋਲੈਂਡ ਵਿੱਚ ਹੁਆਵੇਅ ਵਿਰੁੱਧ ਡਾਟਾ ਚੋਰੀ ਦੇ ਦੋਸ਼ਾਂ ਵਿੱਚ ਖੁਫੀਆ ਏਜੰਸੀਆਂ ਵੱਲੋਂ ਜਾਂਚ ਕੀਤੀ ਜਾ ਰਹੀ ਹੈ।

ਕੋਈ ਸ਼ੱਕ ਨਹੀਂ ਕਿ ਜੀ-5 ਤਕਨਾਲੋਜੀ ਸਮੇਂ ਦੀ ਲੋੜ ਹੈ ਅਤੇ ਇਹੋ ਜਿਹੇ ਵੱਡੇ ਪ੍ਰੋਜੈਕਟਾਂ ਨੂੰ ਨਿਵੇਸ਼ ਤੋਂ ਬਿਨਾ ਪੂਰਾ ਨਹੀਂ ਕੀਤਾ ਜਾ ਸਕਦਾ। ਇਸ ਸੱਚ ਦੇ ਸਾਹਮਣੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਮਰੀਕਾ, ਚੀਨ ਅਤੇ ਹੋਰ ਕਿਸੇ ਅੰਤਰਰਾਸ਼ਟਰੀ ਦਬਾਅ ਤੋਂ ਨਿਰਲੇਪ ਰਹਿ ਕੇ ਜੀ-5 ਨੂੰ ਲਾਗੂ ਕਰਨ ਲਈ ਸੁਤੰਤਰ ਰੂਪ ਵਿੱਚ ਕਦਮ ਚੁੱਕੇ ਅਤੇ ਇਸ ਬਾਰੇ ਕੈਨੇਡੀਅਨਾਂ ਨਾਲ ਸਮੇਂ 2 ਉੱਤੇ ਬਣਦੀ ਜਾਣਕਾਰੀ ਸਾਂਝੀ ਕਰੇ। ਪਬਲਿਕ ਤੋਂ ਅੱਖ ਬਚਾ ਕੇ ਦਿੱਤੇ 16 ਮਿਲੀਅਨ ਡਾਲਰਾਂ ਦਾ 850 ਬਿਲੀਅਨ ਡਾਲਰ ਰੈਵੇਨਿਊ ਵਾਲੀ ਹੁਆਵੇਅ ਉੱਤੇ ਕੋਈ ਬਹੁਤਾ ਫਰਕ ਨਹੀਂ ਪੈਣਾ ਪਰ ਸਰਕਾਰ ਦੇ ਪਾਰਦਰਸ਼ੀ ਨਾ ਹੋਣ ਬਾਰੇ ਸੁਆਲ ਜ਼ਰੂਰ ਖੜ੍ਹੇ ਹੋ ਰਹੇ ਹਨ।

# ਏਅਰ ਕੈਨੇਡਾ ਦੇ ਜਹਾਜ਼ ਨੂੰ ਕਰਨੀ ਪਈ ਐਮਰਜੰਸੀ ਲੈਂਡਿੰਗ



ਟੋਰਾਂਟੋ, 3 ਫਰਵਰੀ (ਪੋਸਟ ਬਿਊਰੋ) : ਮੈਡਰਿਡ ਤੋਂ ਟੋਰਾਂਟੋ ਜਾਣ ਵਾਲੇ ਏਅਰ ਕੈਨੇਡਾ ਦੇ ਜਹਾਜ਼ ਨੂੰ ਉਡਾਨ ਭਰਨ ਤੋਂ ਕੁੱਝ ਦੇਰ ਬਾਅਦ ਹੀ ਐਮਰਜੰਸੀ ਐਲਾਨੇ ਜਾਣ ਮਗਰੋਂ ਸੁਰੱਖਿਅਤ ਢੰਗ ਨਾਲ ਉਤਾਰ ਲਿਆ ਗਿਆ।

ਏਅਰ ਕੈਨੇਡਾ ਦੀ ਉਡਾਨ 837 ਦਿਨ ਵੇਲੇ ਅਡੋਲਫੋ ਸੁਆਰੇਜ਼-ਬਾਰਾਜਾਸ ਇੰਟਰਨੈਸ਼ਨਲ ਏਅਰਪੋਰਟ ਤੋਂ ਰਵਾਨਾ ਹੋਈ। ਇਸ ਜਹਾਜ਼ ਦੇ ਦੁਪਹਿਰੇ 3:40 ਉੱਤੇ ਟੋਰਾਂਟੋ ਉਤਰਨ ਦੀ ਉਮੀਦ ਸੀ। ਇੱਕ ਬਿਆਨ ਵਿੱਚ ਏਅਰ ਕੈਨੇਡਾ ਨੇ ਆਖਿਆ ਕਿ ਉਡਾਨ ਭਰਨ ਤੋਂ ਕੁੱਝ ਦੇਰ ਬਾਅਦ ਹੀ ਜਹਾਜ਼ ਦੇ ਇੰਜਣ ਵਿੱਚ ਕੋਈ ਗੜਬੜ ਹੋ ਗਈ। ਜਹਾਜ਼ ਵਿੱਚ 128 ਯਾਤਰੀ ਤੇ ਅਮਲੇ ਦੇ ਅੱਠ ਮੈਂਬਰ ਸਵਾਰ ਸਨ। ਇਸ ਘਟਨਾ ਵਿੱਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਹੈ।


ਏਅਰ ਕੈਨੇਡਾ ਨੇ ਦੱਸਿਆ ਕਿ ਪਾਇਲਟ ਨੇ ਮੈਡਰਿਡ ਪਰਤਣ ਨੂੰ ਤਰਜੀਹ ਦਿੱਤੀ। ਉਨ੍ਹਾਂ ਦੱਸਿਆ ਕਿ ਬੋਇੰਗ 767-300 ਜਹਾਜ਼ ਇੱਕ ਇੰਜਣ ਉੱਤੇ ਚਲਾਏ ਜਾਣ ਲਈ ਵੀ ਡਿਜ਼ਾਈਨ ਕੀਤਾ ਗਿਆ ਹੈ ਤੇ ਸਾਡੇ ਪਾਇਲਟ ਇਸ ਲਈ ਪੂਰੀ ਤਰ੍ਹਾਂ ਸਿੱਖਿਅਤ ਹਨ। ਫਲਾਈਟ ਨੂੰ ਟਰੈਕ ਕਰਨ ਵਾਲੇ ਵੈੱਬਸਾਈਟ ਫਲਾਈਟਰਡਾਰ24 ਵਿੱਚ ਨਜ਼ਰ ਆਇਆ ਕਿ ਦੁਪਹਿਰੇ 3:00 ਵਜੇ ਉਡਾਨ ਭਰਨ ਤੋਂ ਬਾਅਦ ਜਹਾਜ਼ ਮੈਡਰਿਡ ਦੇ ਉੱਪਰ ਚਾਰ ਘੰਟੇ ਤੱਕ ਚੱਕਰ ਲਾਉਂਦਾ ਰਿਹਾ।

ਸਪੇਨ ਦੀ ਏਅਰ ਨੇਵੀਗੇਸ਼ਨ ਅਥਾਰਟੀ ਦੇ ਬੁਲਾਰੇ ਨੇ ਆਖਿਆ ਕਿ ਟੇਕ ਆਫ ਕਰਨ ਤੋਂ ਬਾਅਦ ਜਹਾਜ਼ ਦਾ ਲੈਂਡਿੰਗ ਗੇਅਰ ਚੰਗੀ ਤਰ੍ਹਾਂ ਫੋਲਡ ਨਹੀਂ ਸੀ ਹੋਇਆ ਤੇ ਇਸ ਦੇ ਇੱਕ ਹਿੱਸੇ ਕਾਰਨ ਹੀ ਇੱਕ ਇੰਜਣ ਦਾ ਹਿੱਸਾ ਨੁਕਸਾਨਿਆ ਗਿਆ। ਸਪੇਨ ਦੇ ਰੱਖਿਆ ਮੰਤਰਾਲੇ ਨੇ ਆਖਿਆ ਕਿ ਨੇੜਲੇ ਏਅਰਪੋਰਟ ਤੋਂ ਐਫ 18 ਫਾਈਟਰ ਜੈੱਟ ਨੂੰ ਕਿਸੇ ਵੀ ਤਰ੍ਹਾਂ ਦੀ ਗੜਬੜੀ ਦਾ ਪਤਾ ਲਾਉਣ ਤੇ ਸਹਿਯੋਗ ਲਈ ਤੁਰੰਤ ਹੀ ਡਿਸਪੈਚ ਕਰ ਦਿੱਤਾ ਗਿਆ ਸੀ।

# ਸੁਸਾਈਡ ਕੇਸ ਵਿੱਚ ਸਾਬਕਾ ਮੰਤਰੀ ਅਤੇ ਵਿਧਾਇਕ ਨੂੰ ਪਾਰਟੀ ਬਣਾਇਆ

ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਭਗਤ ਸਿੰਘ ਕਲੋਨੀ ਵਿੱਚ ਅਨਮੋਲ ਭਾਟੀਆ (35) ਦੇ ਸੁਸਾਈਡ ਕੇਸ ਵਿੱਚ ਇਨਸਾਫ ਨਾ ਮਿਲਣ ਤੋਂ ਪੀੜਤ ਪਰਵਾਰ ਹਾਈ ਕੋਰਟ ਪਹੁੰਚ ਗਿਆ ਹੈ। ਮ੍ਰਿਤਕ ਦੇ ਭਰਾ ਸਰਜੂ ਭਾਟੀਆ ਨੇ ਪਟੀਸ਼ਨ ਦਾਇਰ ਕਰ ਕੇ ਦੋਸ਼ ਲਾਇਆ ਹੈ ਕਿ ਪੁਲਸ ਰਾਜਨੀਤਕ ਦਬਾਅ ਵਿੱਚ ਕੇਸ ਦਬਾ ਰਹੀ ਹੈ।

ਵਰਨਣ ਯੋਗ ਹੈ ਕਿ ਮ੍ਰਿਤਕ ਦੇ ਸੁਸਾਈਡ ਨੋਟ ਵਿੱਚ ਵਿਧਾਇਕ ਬਾਵਾ ਹੈਨਰੀ ਅਤੇ ਸਾਬਕਾ ਕੈਬਨਿਟ ਮੰਤਰੀ ਅਵਤਾਰ ਹੈਨਰੀ ਦਾ ਵੀ ਨਾਂਅ ਸੀ। ਹਾਈ ਕੋਰਟ ਵਿੱਚ ਦਾਇਰ ਪਟੀਸ਼ਨ ਵਿੱਚ ਵਿਧਾਇਕ, ਸਾਬਕਾ ਕੈਬਨਿਟ ਮੰਤਰੀ ਦੇ ਨਾਲ ਡੀ ਜੀ ਪੀ, ਪੁਲਸ ਕਮਿਸ਼ਨਰ ਸਮੇਤ 11 ਲੋਕਾਂ ਨੂੰ ਪਾਰਟੀ ਬਣਾ ਕੇ ਤੀਹ ਮਾਰਚ ਨੂੰ ਜਵਾਬ ਮੰਗਿਆ ਗਿਆ ਹੈ।



# ਚੀਨ ਤੋਂ ਵਾਪਿਸ ਲਿਆਂਦੇ ਕੈਨੇਡੀਅਨਾਂ ਨੂੰ ਦੋ ਹਫਤਿਆਂ ਲਈ ਰੱਖਿਆ ਜਾਵੇਗਾ ਅਲੱਗ

...ਸਫਾ 1 ਦਾ ਬਾਕੀ

ਸੈਂਪੇਨ ਨੇ ਅੱਗੇ ਆਖਿਆ ਕਿ ਅਸੀਂ ਚੀਨੀ ਅਧਿਕਾਰੀਆਂ ਤੋਂ ਮੰਗ ਕੀਤੀ ਹੈ ਕਿ ਉਹ ਪ੍ਰਾਇਮਰੀ ਕੇਅਰਗਿਵਰਜ਼, ਫਿਰ ਭਾਵੇਂ ਉਹ ਕੈਨੇਡੀਅਨ ਨਾਗਰਿਕ ਹੋਣ ਜਾਂ ਨਹੀਂ, ਜਾਂ ਭਾਵੇਂ ਚੀਨੀ ਨਾਗਰਿਕ ਹੋਣ, ਉਨ੍ਹਾਂ ਨੂੰ ਸਬੰਧਤ ਬੱਚੇ ਨਾਲ ਕੈਨੇਡਾ ਭੇਜਣ ਦੀ ਇਜਾਜ਼ਤ ਦਿੱਤੀ ਜਾਵੇ। ਉਨ੍ਹਾਂ ਆਖਿਆ ਕਿ ਸਾਨੂੰ ਚੀਨ ਵੱਲੋਂ ਇਹ ਭਰੋਸਾ ਦਿਵਾਇਆ ਗਿਆ ਹੈ ਕਿ ਅਜਿਹਾ ਹੀ ਹੋਵੇਗਾ। ਸੈਂਪੇਨ ਨੇ ਆਖਿਆ ਕਿ ਸਰਕਾਰ ਚੌਵੀ ਘੰਟੇ ਕੈਨੇਡੀਅਨਾਂ ਨੂੰ ਚੀਨ ਵਿੱਚੋਂ ਬਾਹਰ ਲਿਆਉਣ ਲਈ ਤਿਆਰੀ ਕਰ ਰਹੀ ਹੈ ਤੇ ਹੁਣ ਚੀਨ ਵੱਲੋਂ ਇਸ ਲਈ ਫਾਈਨਲ ਮਨਜ਼ੂਰੀ ਮਿਲਣ ਦੀ ਉਡੀਕ ਹੈ।

ਉਨ੍ਹਾਂ ਆਖਿਆ ਕਿ ਚਾਰਟਰਡ ਜਹਾਜ਼ ਹਨੋਈ, ਵੀਅਤਨਾਮ ਖੜ੍ਹਾ ਰਹੇਗਾ, ਜਦਕਿ ਸਰਕਾਰ ਚੀਨੀ ਅਧਿਕਾਰੀਆਂ ਤੋਂ ਵੂਹਾਨ ਵਿੱਚ ਦਾਖਲੇ ਦੀ ਇਜਾਜ਼ਤ ਦੀ ਉਡੀਕ ਕਰੇਗੀ। ਇੱਥੇ ਦੱਸਣਾ ਬਣਦਾ ਹੈ ਕਿ ਇਸ ਸਮੇਂ ਵੂਹਾਨ ਦੀ ਏਅਰਸਪੇਸ ਨੂੰ ਬੰਦ ਕੀਤਾ ਹੋਇਆ ਹੈ। ਉਸ ਸੂਰਤ ਵਿੱਚ ਇੱਕ ਹੋਰ ਜਹਾਜ਼ ਵੀ ਤਿਆਰ ਹੈ ਜੇ ਚੀਨ ਛੱਡਣ ਲਈ ਤਿਆਰ ਕੈਨੇਡੀਅਨ ਇੱਕ ਜਹਾਜ਼ ਵਿੱਚ ਨਹੀਂ ਆ ਸਕਦੇ। ਲੋੜ ਪੈਣ ਉੱਤੇ ਕੈਨੇਡੀਅਨਾਂ ਨੂੰ ਵਾਪਿਸ ਲਿਆਉਣ ਲਈ ਸਰਕਾਰ ਹੋਰਨਾਂ ਦੇਸ਼ਾਂ ਨਾਲ ਵੀ ਗੱਲਬਾਤ ਕਰ ਰਹੀ ਹੈ ਕਿ ਜੇ ਉਨ੍ਹਾਂ ਦੇ ਜਹਾਜ਼ਾਂ ਵਿੱਚ ਕੁੱਝ ਕੁ ਹੋਰ ਕੈਨੇਡੀਅਨਾਂ ਨੂੰ ਲੋੜ ਪੈਣ ਉੱਤੇ ਐਡਜਸਟ ਕੀਤਾ ਜਾ ਸਕੇ। ਹੁਣ ਤੱਕ ਮਿਲੀ ਜਾਣਕਾਰੀ ਅਨੁਸਾਰ ਅਜੇ ਤੱਕ ਕਿਸੇ ਵੀ ਕੈਨੇਡੀਅਨ ਵਿੱਚ ਕੋਰੋਨਾਵਾਇਰਸ ਦੇ ਲੱਛਣ ਨਜ਼ਰ ਨਹੀਂ ਆ ਰਹੇ।

ਕੈਨੇਡਾ ਦੀ ਸਿਹਤ ਮੰਤਰੀ ਪੈਟੀ ਹਾਜ਼ਦੂ ਨੇ ਆਖਿਆ ਕਿ ਸਾਨੂੰ ਇਹ ਗੱਲ ਵੀ ਪਤਾ ਲੱਗੀ ਹੈ ਕਿ ਚੀਨੀ ਅਧਿਕਾਰੀ ਕਿਸੇ ਵੀ ਉਸ ਸ਼ਖਸ ਨੂੰ ਦੇਸ਼ ਤੋਂ ਬਾਹਰ ਭੇਜਣ ਲਈ ਤਿਆਰ ਨਹੀਂ ਹਨ ਜਿਸ ਵਿੱਚ ਕੋਰੋਨਾਵਾਇਰਸ ਦੇ ਲੱਛਣ ਪਾਏ ਗਏ ਹੋਣ। ਕੈਨੇਡਾ ਪਰਤਣ ਵਾਲੇ ਸਾਰੇ ਕੈਨੇਡੀਅਨਾਂ ਨੂੰ ਹੈਲਥ ਸਕਰੀਨਿੰਗ ਪ੍ਰਕਿਰਿਆ ਵਿੱਚੋਂ ਲੰਘਣਾ ਹੋਵੇਗਾ। ਏਅਰਪੋਰਟ ਲਈ ਰਵਾਨਾ ਹੋਣ ਤੋਂ ਪਹਿਲਾਂ ਚੀਨੀ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਜਾਂਚ ਕੀਤੀ ਜਾਵੇਗੀ ਤੇ ਜਹਾਜ਼ ਵਿੱਚ ਸਵਾਰ ਹੋਣ ਤੋਂ ਪਹਿਲਾਂ ਕੈਨੇਡੀਅਨ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਜਾਂਚ ਕੀਤੀ ਜਾਵੇਗੀ। ਇਨ੍ਹਾਂ ਯਾਤਰੀਆਂ ਦੇ ਨਾਲ ਜਹਾਜ਼ ਵਿੱਚ ਦੋ ਡਾਕਟਰ ਤੇ ਚਾਰ ਨਰਸਾਂ ਦੀ ਟੀਮ ਰਹੇਗੀ। ਵਾਇਰਸ ਦੇ ਲੱਛਣ ਪਾਏ ਜਾਣ ਉੱਤੇ ਸਬੰਧਤ ਯਾਤਰੀ ਨੂੰ ਵੱਖ ਕਰਕੇ ਮਾਸਕ ਪੁਆ ਦਿੱਤਾ ਜਾਵੇਗਾ। ਰੀਫਿਊਲਿੰਗ ਲਈ ਜਹਾਜ਼ ਵੈਨਕੂਵਰ ਉਤਾਰਿਆ ਜਾਵੇਗਾ, ਅਤੇ ਇਸ ਤਰ੍ਹਾਂ ਦੇ ਲੱਛਣਾਂ ਵਾਲੇ ਵਿਅਕਤੀ ਨੂੰ ਫੌਰੀ ਅਲੱਗ ਥਲੱਗ ਕਰਕੇ ਮੈਡੀਕਲ ਸਹਾਇਤਾ ਮੁਹੱਈਆ ਕਰਵਾਈ ਜਾਵੇਗੀ। ਟ੍ਰੈਂਟਨ ਪਹੁੰਚਣ ਉੱਤੇ ਵੀ ਯਾਤਰੀਆਂ ਦੀ ਸਕਰੀਨਿੰਗ ਕੀਤੀ ਜਾਵੇਗੀ।

# ਬਰੈਂਪਟਨ ਵਿੱਚ ਗੋਲੀ ਚੱਲਣ ਤੋਂ ਬਾਅਦ ਦੋ ਗ੍ਰਿਫਤਾਰ

...ਸਫਾ 1 ਦਾ ਬਾਕੀ

ਸ਼ਨਿੱਚਰਵਾਰ ਨੂੰ ਪੀਲ ਰੀਜਨਲ ਪੁਲਿਸ ਨੇ ਆਖਿਆ ਕਿ ਤੜਕੇ 1:37 ਉਤੇ ਮੇਨ ਸਟਰੀਟ ਦੇ ਪੱਛਮ ਵੱਲ ਸਥਿਤ ਇੰਗਲਿਸ਼ ਸਟਰੀਟ ਪਾਰਕ ਵਿੱਚ ਇੱਕ ਪੁਰਸ਼ ਤੇ ਮਹਿਲਾ ਦਾਖਲ ਹੋਏ। ਕੁਝ ਸਮੇਂ ਬਾਅਦ ਹੀ ਉਨ੍ਹਾਂ ਨੂੰ ਪਾਰਕ ਵਿੱਚ ਗੋਲੀ ਚੱਲਣ ਦੀਆਂ ਅਵਾਜ਼ਾਂ ਸੁਣਾਈ ਦਿੱਤੀਆਂ। ਇਸ ਤੋਂ ਬਾਅਦ ਉਹ ਪੁਰਸ਼ ਤੇ ਮਹਿਲਾ ਕਾਰ ਵਿੱਚ ਇਲਾਕੇ ਤੋਂ ਫਰਾਰ ਹੋ ਗਏ। ਅਧਿਕਾਰੀਆਂ ਨੇ ਕਾਰ ਦਾ ਪਿੱਛਾ ਕੀਤਾ ਤੇ ਬਾਅਦ ਵਿੱਚ ਮਸ਼ਕੂਕ ਪੁਰਸ਼ ਦੇ ਘਰ ਦੀ ਤਲਾਸ਼ੀ ਲਈ। ਉੱਥੋਂ ਉਨ੍ਹਾਂ ਨੂੰ ਕਥਿਤ ਤੌਰ ਉੱਤੇ ਏਆਰ 15 ਅਸਾਲਟ ਰਾਈਫਲ, ਜਿਸ ਦਾ ਬੈਰਲ ਛੋਟਾ ਸੀ, ਦੋ ਹੈਂਡਗੰਨਜ਼, 11 ਮੈਗਜ਼ੀਨਜ਼, 250 ਤੋਂ ਵੀ ਵੱਧ ਗੋਲੀ ਸਿੱਕਾ ਤੇ 3000 ਡਾਲਰ ਦੀ ਕੋਕੀਨ ਬਰਾਮਦ ਹੋਈ। ਇਨ੍ਹਾਂ ਵਿੱਚੋਂ ਦੋ ਹਥਿਆਰ ਛੋਟੇ ਬੈਰਲ ਆਕਾਰ ਕਾਰਨ ਕੈਨੇਡਾ ਵਿੱਚ ਕਾਨੂੰਨੀ ਤੌਰ ਉੱਤੇ ਨਹੀਂ ਖਰੀਦੇ ਜਾ ਸਕਦੇ।

ਜਾਂਚਕਾਰਾਂ ਨੇ ਮਸ਼ਕੂਕਾਂ ਦੀ ਪਛਾਣ ਬਰੈਂਪਟਨ ਦੇ 30 ਸਾਲਾ ਲਿਓਨਲ ਵਿੱਲੀ ਤੇ ਬਰੈਂਪਟਨ ਦੇ ਹੀ 24 ਸਾਲਾ ਸ਼ਮਸ ਬੇਰਾਂਤੂਓ ਵਜੋਂ ਕੀਤੀ ਗਈ ਹੈ। ਦੋਵਾਂ ਨੂੰ 23 ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ ਜਿਨ੍ਹਾਂ ਵਿੱਚੋਂ ਅੰਨ੍ਹੇਵਾਹ ਗੋਲੀਆਂ ਚਲਾਉਣ, ਭਰੀ ਹੋਈ, ਪਾਬੰਦੀਸ਼ੁਦਾ ਜਾਂ ਜਿਸ ਹਥਿਆਰ ਉੱਤੇ ਰੋਕ ਲਾਈ ਗਈ ਹੋਵੇ, ਉਹ ਕੋਲ ਰੱਖਣਾ ਤੇ ਕੋਕੀਨ ਰੱਖਣ ਦੇ ਪੰਜ ਮਾਮਲੇ ਸ਼ਾਮਲ ਹਨ।

# ਮਨਜੀਤ ਕੌਰ ਲਈ ਇੱਕ ਐਨ ਆਰ ਆਈ ਗੱਭਰੂ ਸੁਫ਼ਨਿਆਂ ਦਾ ਰਾਜਕੁਮਾਰ ਬਣ ਗਿਆ



ਭਦੌੜ, 3 ਫਰਵਰੀ (ਪੋਸਟ ਬਿਊਰੋ)- ਕੈਨੇਡਾ ਦੇ ਵਸਨੀਕ ਪੰਜਾਬੀ ਨੌਜਵਾਨ ਨੇ ਭਦੌੜ 'ਚ ਝੁੱਗੀ ਵਿੱਚ ਰਹਿੰਦੇ ਪਰਵਾਰ ਦੀ ਲੜਕੀ ਮਨਜੀਤ ਕੌਰ ਨਾਲ ਵਿਆਹ ਕਰਵਾ ਕੇ ਮਿਸਾਲ ਕਾਇਮ ਕੀਤੀ ਹੈ।

36 ਸਾਲਾ ਮਨਜੀਤ ਕੌਰ ਬੈਡਮਿੰਟਨ ਦੀ ਕੌਮੀ ਪੱਧਰ ਦੀ ਖਿਡਾਰਨ ਸੀ, ਪਰ ਗਰੀਬੀ ਨੇ ਉਸ ਦੀ ਖੇਡ ਵਿਗਾੜ ਦਿੱਤੀ। ਉਸ ਨੂੰ ਆਪਣੀ ਬਿਮਾਰੀ ਦੇ ਇਲਾਜ ਲਈ ਵੀ ਪੈਸੇ ਨਾ ਜੁੜੇ ਤਾਂ ਖੇਡ ਛੱਡਣੀ ਪਈ। ਉਸ ਦੀ ਕਹਾਣੀ ਕੈਨੇਡਾ ਵਿੱਚ ਮਹਿੰਦਰ ਸਿੰਘ ਭੁੱਲਰ (40) ਨੂੰ ਦਸੰਬਰ 2018 ਵਿੱਚ ਅਖਬਾਰਾਂ ਤੋਂ ਪਤਾ ਲੱਗੀ ਤਾਂ ਮਹਿੰਦਰ ਸਿੰਘ ਨੇ ਮਨਜੀਤ ਕੌਰ ਦੀ ਮਦਦ ਕਰਨ ਦੀ ਸੋਚੀ, ਪਰ ਉਸ ਕੋਲ ਉਸ ਦਾ ਕੋਈ ਸੰਪਰਕ ਨਹੀਂ ਸੀ। ਉਸ ਨੇ ਆਪਣੇ ਭਰਾ ਗੁਰਮੇਲ ਸਿੰਘ ਨੂੰ ਉਨ੍ਹਾਂ ਦੇ ਘਰ ਭੇਜਿਆ। ਮਹਿੰਦਰ ਸਿੰਘ ਭੁੱਲਰ ਦਾ ਕਹਿਣਾ ਹੈ, “ਮੋਬਾਈਲ ਨੰਬਰ ਮਿਲਣ ਤੋਂ ਬਾਅਦ ਅਸੀਂ ਦੋਵਾਂ ਨੇ ਗੱਲਬਾਤ ਕਰਨੀ ਸ਼ੁਰੂ ਕੀਤੀ। ਮੈਂ ਮਨਜੀਤ ਕੌਰ ਦੀ ਪੈਸਿਆਂ ਤੋਂ ਵੱਧ ਮਦਦ ਕਰਨਾ ਚਾਹੁੰਦਾ ਸੀ। ਮੈਂ ਉਸ ਨਾਲ ਵਿਆਹ ਕਰਨ ਦੀ ਇੱਛਾ ਪ੍ਰਗਟਾਈ, ਜਿਸ ਨੂੰ ਉਸ ਨੇ ਮੰਨ ਲਿਆ। ਫਿਰ ਮੈਂ ਸੱਤ ਜਨਵਰੀ ਨੂੰ ਵਿਦੇਸ਼ ਤੋਂ ਪਰਤਿਆ ਅਤੇ ਅਸੀਂ 12 ਜਨਵਰੀ ਨੂੰ ਵਿਆਹ ਕਰਵਾ ਲਿਆ।" ਉਨ੍ਹਾਂ ਆਪਣੇ ਵਿਆਹ ਦੀ ਰਜਿਸਟ੍ਰੇਸ਼ਨ ਲਈ ਡਿਪਟੀ ਕਮਿਸ਼ਨਰ ਦਫ਼ਤਰ ਬਰਨਾਲਾ ਤੱਕ ਪਹੁੰਚ ਕੀਤੀ ਹੈ। ਮਨਜੀਤ ਕੌਰ ਅਨੁਸੂਚਿਤ ਜਾਤੀ ਵਿੱਚੋਂ ਹੈ ਤੇ ਉਨ੍ਹਾਂ ਕੋਲ ਰਹਿਣ ਲਈ ਘਰ ਵੀ ਨਹੀਂ। ਉਨ੍ਹਾਂ ਦਾ ਪਰਵਾਰ ਇੱਕ ਝੁੱਗੀ ਵਿੱਚ ਰਹਿੰਦਾ ਹੈ। ਮਹਿੰਦਰ ਸਿੰਘ ਭੁੱਲਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਢਪਾਲੀ ਦਾ ਜੰਮਪਲ ਹੈ। ਉਹ ਪਰਵਾਰ ਸਮੇਤ ਸਾਲ 1990 ਤੋਂ ਕੈਨੇਡਾ ਰਹਿ ਰਿਹਾ ਹੈ ਅਤੇ ਉਥੇ ਉਨ੍ਹਾਂ ਦੇ ਪਰਵਾਰ ਦਾ ਆਪਣਾ ਕਾਰੋਬਾਰ ਹੈ। ਮਨਜੀਤ ਕੌਰ ਨੇ ਦੱਸਿਆ ਕਿ ਸਾਲ 2009 ਵਿੱਚ ਬੈਡਮਿੰਟਨ ਦੇ ਕੌਮੀ ਮੁਕਾਬਲੇ ਤੋਂ ਬਾਅਦ ਉਸ ਨੂੰ ਬੁਖਾਰ ਹੋ ਗਿਆ ਤੇ ਉਸ ਦੇ ਜੋੜਾਂ ਵਿੱਚ ਦਰਦ ਹੋਣ ਲੱਗਾ, ਜਿਹੜਾ ਸਾਲ 2009 ਤੋਂ 2019 ਤੱਕ ਜਾਰੀ ਰਿਹਾ। ਉਸ ਨੇ ਦੱਸਿਆ ਕਿ ਉਸ ਦੀ ਮਾਂ ਨੇ ਉਸ ਦੇ ਇਲਾਜ ਲਈ ਘਰ ਦੇ ਭਾਂਡੇ ਵੀ ਵੇਚ ਦਿੱਤੇ ਸਨ। ਉਹ ਪੰਜ ਭੈਣ-ਭਰਾ ਹਨ ਤੇ ਸਾਰੇ ਵਿਆਹੇ ਹੋਏ ਹਨ ਤੇ ਉਸ ਦੇ ਪਿਤਾ ਦੀ ਸਾਲ 1998 ਵਿੱਚ ਮੌਤ ਹੋ ਚੁੱਕੀ ਹੈ ਅਤੇ ਉਹ ਆਪਣੀ ਮਾਂ ਨਾਲ ਰਹਿੰਦੀ ਹੈ। ਭੁੱਲਰ ਨੇ ਕਿਹਾ ਕਿ ਉਸ ਨੇ ਆਪਣੇ ਵਿਆਹ ਬਾਰੇ ਪਰਵਾਰ ਨੂੰ ਪਹਿਲਾਂ ਕੋਈ ਜਾਣਕਾਰੀ ਨਹੀਂ ਦਿੱਤੀ, ਉਨ੍ਹਾਂ ਨੂੰ ਦਸੰਬਰ ਵਿੱਚ ਹੀ ਦੱਸਿਆ ਸੀ, ਪਰ ਉਸ ਦੇ ਫੈਸਲੇ ਦੀ ਹਰ ਕੋਈ ਸ਼ਲਾਘਾ ਕਰ ਰਿਹਾ ਹੈ ਤੇ ਉਹ ਤਿੰਨ ਮਾਰਚ ਨੂੰ ਕੈਨੇਡਾ ਜਾਵੇਗਾ, ਜਿੱਥੇ ਪਹੁੰਚ ਕੇ ਮਨਜੀਤ ਕੌਰ ਦੇ ਕਾਗਜ਼ ਪੱਤਰ ਤਿਆਰ ਕਰਵਾਏ ਜਾਣਗੇ ਤਾਂ ਕਿ ਉਸ ਨੂੰ ਵੀ ਕੈਨੇਡਾ ਲਿਜਾ ਸਕੇ।

# ਮੋਦੀ ਆਲੋਚਕਾਂ ਖਿਲਾਫ਼ ਕੇਸ ਦਰਜ ਕਰਨ ’ਤੇ ਓਵਾਇਸੀ ਵੱਲੋਂ ਜੇਲ੍ਹ ਭਰੋ ਮੁਹਿੰਮ ਦਾ ਸੰਕੇਤ

ਹੈਦਰਾਬਾਦ, 3 ਫਰਵਰੀ (ਪੋਸਟ ਬਿਊਰੋ)- ਏ.ਆਈ.ਐਮ.ਆਈ.ਐਮ. ਦੇ ਮੁਖੀ ਅਸਦੂਦੀਨ ਓਵਾਇਸੀ ਨੇ ਕਰਨਾਟਕ ਵਿੱਚ ਇੱਕ ਸਕੂਲ ਦੀ ਮੁੱਖ ਅਧਿਆਪਕਾ ਅਤੇ ਇੱਕ ਵਿਦਿਆਰਥੀ ਦੀ ਮਾਂ ਖ਼ਿਲਾਫ਼ ਸੀ.ਏ.ਏ. ਅਤੇ ਐੱਨ.ਆਰ.ਸੀ. ਵਿਰੁੱਧ ਕਥਿਤ ਨਾਟਕ ਖੇਡਣ ਅਤੇ ਧਰਨੇ ਵਿੱਚ ਸ਼ਮੂਲੀਅਤ ’ਤੇ ਦੇਸ਼ਧ੍ਰੋਹ ਦਾ ਦੋਸ਼ ਲਾਉਣ ਦੀ ਆਲੋਚਨਾ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਆਲੋਚਕਾਂ ਖ਼ਿਲਾਫ਼ ਕੇਸ ਦਾਇਰ ਕਰਨ ’ਤੇ ਜੇਲ੍ਹ ਭਰੋ ਮੁਹਿੰਮ ਦਾ ਸੰਕੇਤ ਦਿੱਤਾ ਹੈ। ਉਹ ਯੂਨਾਇਟਿਡ ਮੁਸਲਿਮ ਐਕਸ਼ਨ ਕਮੇਟੀ ਵੱਲੋਂ ਸੀਏਏ, ਐਨਆਰਸੀ ਅਤੇ ਐਨਪੀਆਰ ਖ਼ਿਲਾਫ਼ ਔਰਤਾਂ ਦੀ ਰੋਸ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਸੀ। ਕਰਨ-ਾਟਕ ਦੇ ਬਿਦਰ ਵਿੱਚ ਵਾਪਰੀ ਘਟਨਾ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ,‘ਜੇ ਕੋਈ ਮੋਦੀ ਖ਼ਿਲਾਫ਼ ਬੋਲਦਾ ਹੈ ਤਾਂ ਦੇਸ਼ਧ੍ਰੋਹ ਦੇ ਕੇਸ ਦਰਜ ਕੀਤੇ ਜਾਂਦੇ ਹਨ। ਮੈਂ ਨਰਿੰਦਰ ਮੋਦੀ ਨੂੰ ਦੱਸਣਾ ਚਾਹੁੰਦਾ ਹਾਂ ਕਿ ਉਹ ਸਮਾਂ ਵੀ ਆਵੇਗਾ ਜਦੋਂ ਅਸੀਂ ਫੈਸਲਾ ਕਰਾਂਗੇ ਕਿ ਜੇਲ੍ਹ ਭਰੋ ਪ੍ਰੋਗਰਾਮ ਕਦੋਂ ਅਤੇ ਕਿਸ ਸਮੇਂ ਸ਼ੁਰੂ ਕੀਤਾ ਜਾਵੇ। ਭਾਰਤ ਦੀਆਂ ਜੇਲ੍ਹਾਂ ਵਿੱਚ ਕੁਲ ਤਿੰਨ ਲੱਖ ਲੋਕਾਂ ਨੂੰ ਹੀ ਰੱਖਿਆ ਜਾ ਸਕਦਾ ਹੈ। ਜੇ ਅਸੀਂ ਸਾਰੇ ਸੜਕਾਂ ’ਤੇ ਆ ਗਏ ਤਾਂ ਭਾਰਤ ਦੀਆਂ ਇਹ ਜੇਲ੍ਹਾਂ ਸਾਨੂੰ ਰੱਖਣ ਲਈ ਨਾਕਾਫ਼ੀ ਹੋਣਗੀਆਂ।


BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005



ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
- AZ Tractor trailer program
- Manual transmission & backup training everyday
- We welcome welfare workers & compensation clients

Forklift Re-Certification Only $69.00/-



Karnail Singh
416.670.3173 | 905.799.7333
27 Edvac Dr, Brampton, ON L6S 5X8



ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੈਨੇਡੀਅਨ ਪੰਜਾਬੀ ਬਰਾਡਕਾਸਟਰਜ਼ ਨਾਲ ਸਟੀਵਨ ਡੈਲਡੁਕਾ ਵੱਲੋਂ ਮੁਲਾਕਾਤ



...ਸਫਾ 1 ਦਾ ਬਾਕੀ

ਇਸੇ ਤਰ੍ਹਾਂ ਉਨ੍ਹਾਂ ਮੌਜੂਦਾ ਸਰਕਾਰ ਸਮੇਂ ਟੀਚਰਜ਼ ਸਟ੍ਰਾਈਕ ’ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਸਟ੍ਰਾਈਕ ਵਾਲੀ ਨੌਬਤ ਨਹੀਂ ਆਉਣੀ ਚਾਹੀਦੀ ਸੀ। ਪਹਿਲਾਂ ਹੀ ਯੂਨੀਅਨ ਨਾਲ ਬੈਠਕੇ ਮਸਲਾ ਹੱਲ ਕਰ ਲਿਆ ਜਾਣਾ ਚਾਹੀਦਾ ਸੀ। ਉਨ੍ਹਾਂ ਬਰੈਂਪਟਨ ਦੇ ਹੈਲਥਕੇਅਰ, ਇੰਸ਼ੋਰੈਂਸ, ਯੂਨੀਵਰਸਿਟੀ ਤੇ ਹੋਰਨਾਂ ਮੁੱਦਿਆਂ ’ਤੇ ਵੀ ਗੱਲਬਾਤ ਕੀਤੀ। ਕੈਨੇਡੀਅਨ ਪੰਜਾਬੀ ਬਰਾਡਕਾਸਟਰ ਦੇ ਕੋਆਰਡੀਨੇਟਰ ਜਗਦੀਸ਼ ਗਰੇਵਾਲ ਨੇ ਜਿਥੇ ਸਟੀਵਲ ਡੈਲਡੁਕਾ ਦਾ ਸਮਾਂ ਕੱਢਣ ਲਈ ਧੰਨਵਾਦ ਕੀਤਾ, ਉਥੇ ਹੀ ਐਸੋਸੀਏਸ਼ਨ ਦੇ ਮੈਂਬਰ ਅਮਰ ਸਿੰਘ ਭੁੱਲਰ, ਸਿਮਰਤ ਗਰੇਵਾਲ, ਰਣਜੀਤ ਸੰਧੂ, ਰਣਧੀਰ ਰਾਣਾ ਸਿੱਧੂ ਤੇ ਹੋਰਾਂ ਮੈਂਬਰਾਂ ਨੇ ਵੀ ਉਨ੍ਹਾਂ ਨੂੰ ਸਪ੍ਰੈਂਜਾ ਬੈਂਕੁਇਟ ਹਾਲ ਵਿਖੇ ਮੀਟ ਐਂਡ ਗ੍ਰੀਟ ਪ੍ਰੋਗਰਾਮ ਤਹਿਤ ਜੀ ਆਇਆਂ ਨੂੰ ਆਖਿਆ।


Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976




A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO



CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

# ਬੱਬਰ ਅਕਾਲੀ- ਮਾਸਟਰ ਮੋਤਾ ਸਿੰਘ ਪਤਾਰਾ

-ਪ੍ਰਿੰਸੀਪਲ ਪਾਖਰ ਸਿੰਘ

ਪੰਜਾਬੀ ਸੂਰਮਿਆਂ ਦੀ ਧਰਤੀ ਹੈ।ਇਸ ਪਵਿੱਤਰ ਧਰਤ ਨੂੰ ਅਜਿਹੇ ਯੋਧੇ ਪੈਦਾ ਕਰਨ ਦਾ ਮਾਣ ਪ੍ਰਾਪਤ ਹੈ ਜਿਹਨਾਂ ਨੇਂ ਵਤਨ ਦੀ ਖਾਤਿਰ ਆਪਾ ਵਾਰਿਆ।ਆਜਾਦੀ ਦੇ ਇਹ ਵਣਜਾਰੇ ਅਜਿਹੇ ਨਜ਼ਾਮ ਦੇ ਲੋਚਕ ਸਨ ਜਿਸ ਵਿੱਚ ਹਰ ਬਸ਼ਰ ਆਜਾਦ ਫਿਜ਼ਾ ਵਿੱਚ ਵਿਚਰ ਸਕੇ ਅਤੇ ਉਸ ਦੀਆਂ ਬੁਨਿਆਦੀ ਲੋੜ੍ਹਾਂ ਦੀ ਪੂਰਤੀ ਹੋ ਸਕੇ ਇਹਨਾਂ ਸੂਰਮਿਆਂ ਨੂੰ ਆਪਾ ਪਿਆਰਾ ਨਹੀਂ ਸਗੋਂ ਵਤਨ ਪਿਆਰਾ ਸੀ।ਅਜਿਹੀ ਭਾਵਨਾਂ ਰੱਖਣ ਵਾਲੇ ਮਹਾਨ ਯੋਧਿਆਂ ਵਿੱਚੋਂ ਮਾਸਟਰ ਮੋਤਾਂ ਸਿੰਘ ਦਾ ਨਾਂ ਉੱਭਰਵਾਂ ਹੈ ਜਿਹਨਾਂ ਨੈਂ ਬੱਬਰ ਅਕਾਲੀ ਲਹਿਰ ਵਿੱਚ ਸਰਗਰਮੀ ਨਾਲ ਭਾਗ ਲੈਣ ਕਾਰਨ ਪੈਂਤੀ ਸਾਲਾਂ ਦਾ ਸਮਾਂ ਜੇਲਾਂ ਵਿੱਚ ਗੁਜਾਰਿਆ।ਸੂਰਬੀਰ ਦੇਸ਼ ਬੁਲਾਰੇ ਮਾਸਟਰ ਮੋਤਾਂ ਸਿੰਘ ਦਾ ਜਨਮ ਪਿੰਡ ਪਤਾਰਾ ਜਿਲ੍ਹਾ ਜਲੰਧਰ ਵਿਖੇ 5-2-1981 ਨੂੰ ਹੋਇਆ।ਇਹ ਪਿੰਡ ਜਲੰਧਰ ਛਾਉਣੀਂ ਤੋਂ ਹੁਸ਼ਿਆਰਪੁਰ ਜਾਂਦੀ ਸੜ੍ਹਕ ਤੇ ਬੁਲੀਨਾ ਦੁਆਬਾ ਰੇਲਵੇ ਸਟੇਸ਼ਨ ਦੇ ਨੇੜ੍ਹੇ ਸਥਿਤ ਹੈ।ਆਪ ਦੀ ਮਾਤਾ ਦਾ ਨਾਂ ਰਲੀ ਅਤੇ ਪਿਤਾ ਦਾ ਨਾਂ ਸਰਦਾਰ ਗੋਪਾਲ ਸਿੰਘ ਸੀ। ਆਪ ਦੇ ਮਾਤਾ ਪਿਤਾ ਭਾਵੇਂ ਅਨਪੜ੍ਹ ਸਨ ਪ੍ਰੰਤੂ ਉਹਨਾਂ ਦੀ ਸੱਧਰ ਸੀ ਕਿ ਉਹਨਾਂ ਦਾ ਪੁੱਤਰ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰੇ।ਆਪ ਅਖਾਉਤੀ ਝੀਅਰ ਜਾਤੀ ਨਾਲ ਸੰਬਧਿਤ ਸਨ।ਸਮਕਾਲੀ ਸਮਾਜ ਵਿੱਚ ਜਾਤ-ਪਾਤ ਜੋਰਾਂ ਤੇ ਸੀ।ਅਖਾਉਤੀ ਅਛੂਤ ਸ਼੍ਰੇਣੀਆਂ ਨਾਲ ਹੈਵਾਨਾਂ ਤੋਂ ਵੀ ਭੈੜਾ ਸਲੂਕ ਕੀਤਾ ਜਾਂਦਾ ਸੀ।ਇਹਨਾਂ ਕਿਰਤੀਆਂ ਸ਼੍ਰੇਣੀਆਂ ਨਾਲ ਸੰਬਧਿਤ ਪਰਿਵਾਰਾਂ ਦੇ ਬਚਿੱਆਂ ਲਈ ਉਹਨਾਂ ਦਿਨੀਂ ਵਿੱਦਿਅਕ ਅਦਾਰਿਆਂ ਦੇ ਦਰਵਾਜੇ ਉੱਕਾ ਹੀ ਬੰਦ ਸਨ।ਉਂਝ ਵੀ ਉਸ ਸਮੇਂ ਪਿੰਡ ਪਤਾਰੇ ਵਿੱਚ ਕੋਈ ਸਕੂਲ ਨਹੀਂ ਸੀ।ਮੌਲਵੀ ਫਤਿਹ ਆਪਣੇਂ ਘਰ ਵਿੱਚ ਮਦਰੱਸਾ ਲਗਾਉਂਦਾ ਸੀ।ਇਸ ਦੇ ਬਦਲੇ ਵਿਦਿਆਰਥੀ ਮੌਲਵੀ ਦੇ ਪਸ਼ੂ ਚਾਰਦੇ,ਚੱਕੀ ਪੀਹੰਦੇ ਤੇ ਕੱਪੜੇ ਧੋ ਕੇ ਦਿੰਦੇ ਸਨ।ਖੈਰ,ਮੋਤਾ ਸਿੰਘ ਨੇਂ ਮੌਲਵੀ ਦੀ ਖੂਬ ਸੇਵਾ ਕਰਕੇ ਮੁਢਲੀ ਸਿਖਿੱਆ ਪ੍ਰਾਪਤ ਕੀਤੀ। ਤੇਜ ਬੁੱਧੀ ਦੇ ਮਾਲਕ ਮੋਤਾ ਸਿੰਘ ਦੀ ਲਿਖਤ ਬਹੁਤ ਸੁੰਦਰ ਸੀ ਤੇ ਗਣਿਤ ਦੇ ਪ੍ਰਸ਼ਨ ਆਪ ਜ਼ੁਬਾਨੀਂ ਹੱਲ ਕਰ ਲੈਂਦੇ ਸਨ।ਜਾਤ-ਅਭਿਮਾਨੀਂ ਪਿੰਡ ਵਾਲਿਆਂ ਨੇਂ ਵਿੱਦਿਆ ਪ੍ਰਾਪਤੀ ਸਮੇਂ ਬਹੁਤ ਰੋੜੇ ਅਟਕਾਏ।ਆਪ ਨੂੰ ਤੰਗ ਕੀਤਾ ਜਾਂਦਾ ਤੇ ਕਈ ਦਫਾ ਬਸਤਾ ਰਾਹ ਵਿੱਚੋਂ ਹੀ ਖੋਹ ਲੈਂਦੇ ਸਨ।ਪ੍ਰੰਤੂ ਏਨੀਆਂ ਮੁਸ਼ਕਿਲਾਂ ਦੇ ਬਾਵਜੂਦ ਆਪ ਦ੍ਰਿੜ ਰਹੇ।ਮੈਟ੍ਰਿਕ ਦੀ ਪ੍ਰੀਖਿਆ ਦੁਆਬਾ ਸਕੂਲ,ਜਲੰਧਰ ਤੋਂ ਪ੍ਰਾਪਤ ਕੀਤੀ ਤੇ ਬੀ ਏ ਦੀ ਡਿਗਰੀ ਕਿਸੇ ਸਮਾਜੀ ਅਦਾਰੇ ਰਾਹੀਂ ਲਾਹੌਰ ਤੋਂ ਪ੍ਰਾਪਤ ਕੀਤੀ।ਆਪ ਫਾਰਸੀ, ਸੰਸਕ੍ਰਿਤ ਤੇ ਪੰਜਾਬੀ ਦੇ ਬਹੁਤ ਗਿਆਤਾ ਸਨ।ਜਲ੍ਹਿਆਂ ਵਾਲੇ



ਬਾਗ ਅਮ੍ਰਿਤਸਰ ਦੇ ਖੂਨੀ ਕਾਂਡ ਉਪਰੰਤ ਆਪ ਦਾ ਮਨ ਵਲੂੰਦਰਿਆ ਗਿਆ। ਉਹਨਾਂ ਦਿਨਾਂ ਵਿੱਚ ਆਪ ਖਾਲਸਾ ਹਾਈ ਸਕੂਲ ਦੇ ਹੈਡਮਾਸਟਰ ਸਨ।ਜਲ੍ਹਿਆਂ ਵਾਲੇ ਬਾਗ ਦੀ ਖੂਨੀ ਘਟਨਾਂ ਵਾਪਰਨ ਉਪਰੰਤ ਆਪ ਨੇਂ ਭਾਰਤ ਮਾਤਾ ਦੀਆਂ ਗੁਲਾਮੀਂ ਦੀਆਂ ਜੰਜੀਰਾਂ ਤੋੜਨ ਲਈ ਆਪਾ ਵਾਰਨ ਦਾ ਤਹੱਈਆ ਕੀਤਾ।ਇਸ ਮਕਸਦ ਦੀ ਪੂਰਤੀ ਲਈ ਬੱਬਰ ਅਕਾਲੀ ਲਹਿਰ ਦਾ ਮੁੱਢ ਬਨ੍ਹਿਆ।

ਮਾਰਚ,1921 ਹੁਸ਼ਿਆਰਪੁਰ ਵਿੱਚ ਪਹਿਲੀ ਸਾਜਿਸ਼ ਦੀ ਮੀਟਿੰਗ ਵਿੱਚ ਸ਼ਾਮਿਲ ਹੋਣ ਕਾਰਣ ਆਪ ਦੇ ਵਾਰੰਟ ਨਿਕਲੇ।ਆਪ ਚੱਕਰਵਰਤੀ ਹੋ ਗਏ ਕਿਉਂਕਿ ਜੇਲ੍ਹਾਂ ਵਿੱਚ ਸੜਨ ਨਾਲੋਂ ਆਪ ਫਰਾਰ ਹੋ ਕੇ ਦੇਸ਼ ਲਈ ਕੰਮ ਕਰਨਾਂ ਉਚਿਤ ਸਮਝਦੇ ਸਨ।ਉਪਰੰਤ,ਕਿਸ਼ਨ ਸਿੰਘ ਗੜਗੱਜ ਤੇ ਹੋਰ ਮੁਖੀ ਅਕਾਲੀਆਂ ਨਾਲ ਆਪ ਦਾ ਮੇਲ ਹੋਇਆ।ਆਪ ਦੀ ਰਾਇ ਮੰਨ ਕੇ ਪਹਿਲਾ ਚੱਕਰਵਰਤੀ ਜੱਥਾ ਬਣਾਇਆ ਗਿਆ।ਬੱਬਰਾਂ ਨੇਂ 179 ਟੋਡੀਆਂ ਦੀ ਕਾਲੀ ਸੂਚੀ ਬਣਾਈ ਜਿਹਨਾਂ ਨੂੰ ਸੋਧਣ ਦਾ ਫੈਂਸਲਾ ਕੀਤਾ ਗਿਆ।ਹਥਿਆਰ ਖਰੀਦਣ ਲਈ ਸੂਦ ਖੋਰ ਸ਼ਾਹੂਕਾਰਾਂ ਨੂੰ ਲੁੱਟਣ ਦਾ ਫੈਂਸਲਾ ਵੀ ਕੀਤਾ ਗਿਆ।ਉਸ ਸਮੇਂ ਬੱਬਰਾਂ ਦੀ ਏਨੀਂ ਚੜ੍ਹਤ ਸੀ ਕਿ ਰੋਪੜ ਤੋਂ ਮੁਕੇਰੀਆਂ ਤੱਕ ਸੜ੍ਹਕਾਂ ਦੇ ਆਲੇ-ਦੁਆਲੇ ਲੱਗੇ ਹੋਏ ਅੰਬਾਂ ਦੀ ਨੀਲਾਮੀਂ ਕਰਨ ਦੀ ਵੀ ਸਰਕਾਰ ਨੂੰ ਜੁਰੱਅਤ ਨਹੀਂ ਪਈ।ਮਾਸਟਰ ਮੋਤਾ ਸਿੰਘ ਲੋਕਾਂ ਨੂੰ ਸਰਕਾਰ ਵਿਰੁੱਧ ਜਥੇਬੰਦ ਕਰਨ ਮਈ ਪਿੰਡਾਂ ਦਾ ਦੌਰਾ ਕਰਦੇ।ਭੇਸ ਵਟਾ ਕੇ ਕਾਨਫਰੰਸਾਂ ਵਿੱਚ ਭਾਗ ਲੈਂਦੇ ਤੇ ਰਾਤ ਨੂੰ ਪਿੰਡ ਪਤਾਰੇ ਪਹੁੰਚ ਜਾਂਦੇ।

ਪਿੰਡ ਤੋਂ ਬਾਹਰਵਾਰ ਲੋਕਾਂ ਦੀ ਆਵਾਜਾਈ ਤੋਂ ਦੂਰ ਪਿੰਡ ਜੈਤੇਵਾਲੀ ਵਾਲੇ ਪਾਸੇ ਵਿਸ਼ਰਾਮ ਕਰਦੇ,ਪ੍ਰੰਤੂ ਲੋਕਾਂ ਨੂੰ ਭੋਰੇ ਤੋਂ ਬਾਹਰ ਹੀ ਮਿਲਦੇ ਸਨ ਤਾਂ ਜੋ ਪੁਲਿਸ ਨੂੰ ਉਹਨਾਂ ਦੇ ਟਿਕਾਣੇਂ ਦਾ ਪਤਾ ਨਾਂ ਲੱਗ ਜਾਏ।ਕਈ-ਕਈ ਦਿਨ ਭੁਖਿਆਂ ਹੀ ਲੰਘਾ ਦੇਣੇ।ਸੰਜਮੀਂ ਤੇ ਸਾਦਾ ਸੁਭਾਅ ਹੋਣ ਕਾਰਣ ਆਪ ਅੱਠ ਪਹਿਰੀ ਰੋਟੀ ਖਾਂਦੇ।ਕਛਿਹਰਾ, ਕੁੜਤਾ ਅਤੇ ਪੱਗ, ਆਪ ਦੇ ਤਿੰਨ ਬਸਤਰ ਸਨ। ਬਹੁਤ ਸਾਰੇ ਲੋਕ ਆਪ ਨੂੰ 'ਕਛਿਹਰੇ ਵਾਲਾ ਬਾਪੂ' ਕਹਿ ਕੇ ਬੁਲਾਉਂਦੇ ਸਨ।ਨਨਕਾਣਾਂ ਸਾਹਿਬ ਦੇ ਸਾਕੇ ਸਮੇਂ ਆਪ ਕਾਬਲ ਗਏ ਹੋਏ ਸਨ।ਫਰਵਰੀ 1922,ਨੂੰ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਨ ਲਈ ਨਨਕਾਣਾਂ ਸਾਹਿਬ ਵਿਖੇ ਇੱਕ ਭਾਰੀ ਇਕੱਠ ਹੋਇਆ।ਆਪ ਨੇਂ ਇਸ ਕਾਨਫਰੰਸ ਵਿੱਚ ਸ਼ਾਮਿਲ ਹੋ ਕੇ ਧੜੱਲੇਦਾਰ ਤਕਰੀਰ ਕੀਤੀ ਤੇ ਭਾਰਤੀ ਜਨਤਾ ਨੂੰ ਅੰਗਰੇਜਾਂ ਵਿਰੁੱਧ ਹਥਿਆਰਬੰਦ ਲੜਾਈ ਲੜਨ ਲਈ ਵੰਗਾਰਿਆ।ਇਸ ਮੌਕੇ ਤੇ ਪੁਲਿਸ ਨੇਂ ਆਪ ਨੂੰ ਗ੍ਰਿਫਤਾਰ ਕਰਨ ਦੀ ਕੋਸ਼ਿਸ਼ ਕੀਤੀ ਪ੍ਰੰਤੂ ਮੌਕਾ ਬਚਾ ਕੇ ਆਪ ਕਿਸੇ ਅਗਿਆਤ ਥਾਂ ਤੇ ਚਲੇ ਗਏ।

ਉਹਨਾਂ ਹੀ ਦਿਨਾਂ ਵਿੱਚ ਆਪ ਬਾਰੇ ਨਿਮਨਲਿਖਤ ਕਥਿੱਤ ਲੋਕਾਂ ਦੀ ਜ਼ੁਬਾਨ ਤੇ ਆਮ ਚੜ੍ਹਿਆ ਹੋਇਆ ਸੀ:-"ਸ਼ੇਰ ਗੱਜੇ ਨਨਕਾਣੇਂ,ਲੈਕਚਰ ਕਰੇ ਮਨ ਭਾਣੇਂ,ਖੇਡ ਮੌਤ ਨੂੰ ਉਹ ਜਾਣੇਂ,ਤਿੰਨ ਫੁੱਟੀ ਜੋ ਦਿਖਾਲੀ ਹੈ।ਹੱਥ ਜਾਲਮਾਂ ਨਾਂ ਆਵੇ, ਮੋਤਾ ਸਿੰਘ ਜੋ ਅਕਾਲੀ ਹੈ, ਰੋਟੀ ਅੱਠੀ ਪਹਿਰੀ ਖਾਵੇ,ਪੈਰੀਂ ਜੋੜਾ ਵੀ ਨਾਂ ਪਾਵੇ,ਹੱਥ ਜਾਲਮਾਂ ਨਾਂ ਆਵੇ,ਮੋਤਾ ਸਿੰਘ ਜੋ ਅਕਾਲੀ ਹੈ।"ਮੱਧਰੇ ਕੱਧ ਤੇ ਭਰਵੇਂ ਜੁੱਸੇ ਵਾਲਾ ਸ਼ਸ਼ਤਰਧਾਰੀ ਸ਼ਾਧਕ ਮੋਤਾ ਸਿੰਘ ਇੱਕ ਵਾ-ਵਰੋਲਾ ਸੀ।ਇੰਨਾ ਫੁਰਤੀਲਾ ਕਿ ਪੁਲਿਸ ਦੇ ਲੱਖ ਯਤਨ ਦੇ ਬਾਵਜੂਦ ਉਹਨਾਂ ਦੇ ਹੱਥ ਨਹੀਂ ਸੀ ਆਉਂਦਾ,ਉਹ ਜੱਥਕੜੀਆਂ ਖੜਕਾਉਂਦੇ ਰਹਿ ਜਾਂਦੇ ਸਨ।ਇਸ ਸੰਦਰਭ ਵਿੱਚ ਪਿੰਡ ਕੋਟ ਫਤੂਹੀ ਜਿਲ੍ਹਾ ਹੁਸ਼ਿਆਰਪੁਰ ਦੀ ਇੱਕ ਘਟਨਾਂ ਦਾ ਜਿਕਰ ਕਰਨਾਂ ਕੁਥਾਂ ਨਹੀਂ ਹੋਵੇਗਾ।

ਪਿੰਡ ਕੋਟਫਤੂਹੀ ਦੇ ਕੁੱਝ ਬੰਦੇ ਗਦਰ ਪਾਰਟੀ ਵਿੱਚ ਸ਼ਾਮਿਲ ਹੋਏ ਸਨ। ਉਹ ਹਰ ਸਾਲ ਫਰਵਰੀ ਮਹੀਨੇਂ ਇੱਕ ਖਾਲਸਾ ਦੀਵਾਨ ਦਾ ਆਯੋਜਨ ਕਰਦੇ ਸਨ।ਫਰਵਰੀ 1921 ਵਿੱਚ ਆਪ ਨੇਂ ਇਸ ਪਿੰਡ ਵਿਖੇ ਖਾਲਸਾ ਦੀਵਾਨ ਵਿੱਚ ਸ਼ਾਮਿਲ ਹੋ ਕੇ ਲੈਕਚਰ ਕਰਨਾਂ ਸੀ।ਪੁਲਿਸ ਇਸ ਗੱਲ ਬਾਰੇ ਜਾਣੂ ਸੀ ਤੇ ਮਾਸਟਰ ਮੋਤਾ ਸਿੰਘ ਦੀ ਗ੍ਰਿਫਤਾਰੀ ਲਈ ਪੁਲਸ ਨੇਂ ਦੀਵਾਨ ਦੇ ਆਲੇ-ਦੁਆਲੇ ਭਾਰੀ ਨਾਕਾਬੰਦੀ ਕੀਤੀ ਹੋਈ ਸੀ।ਮਾਸਟਰ ਮੋਤਾ ਸਿੰਘ ਨੇਂ ਪੁਲਿਸ ਨੂੰ ਚਕਮਾਂ ਦੇਣ ਲਈ ਸਾਧੂ ਦੇ ਭੇਸ ਵਿੱਚ ਸਟੇਜ ਤੇ ਆ ਕੇ ਧੱੜਲੇਦਾਰ ਤਕਰੀਰ ਕੀਤੀ।ਲੈਕਚਰ ਖਤਮ ਹੋਣ ਉਪਰੰਤ ਆਪ ਨੂੰ ਗ੍ਰਿਫਤਾਰ ਕਰਨ ਲਈ ਪੁਲਿਸ ਹਰਕਤ ਵਿੱਚ ਆਈ ਪ੍ਰੰਤੂ ਆਪ ਫੁਰਤੀ ਨਾਲ ਲੋਕਾਂ ਦੀ ਭੀੜ ਵਿੱਚੋਂ ਹੁੰਦੇ ਹੋਏ ਰੁਲੀਏ ਮੋਚੀ ਦੇ ਘਰ ਜਾ ਵੜੇ।ਪੁਲਿਸ ਵੇਖਦੀ ਹੀ ਰਹਿ ਗਈ ਕਿਉਂਕਿ ਰੁਲੀਏ ਮੋਚੀ ਤੇ ਕਿਸੇ ਨੂੰ ਸ਼ੱਕ ਵੀ ਨਹੀਂ ਸੀ।ਐਨ ਉਸੀ ਮੌਕੇ ਇੱਕ ਮੁੰਡੇ ਨੇਂ ਡੁਮਣੇਂ ਵਿੱਚ ਇੱਟ ਮਾਰ ਦਿੱਤੀ,ਡੁਮਣਾਂ ਛਿੜ ਗਿਆ ਤੇ ਮੱਖੀਆਂ ਨੇਂ ਭਗਦੜ ਮਚਾ ਦਿੱਤੀ।ਪੁਲਿਸ ਵਾਲੇ ਮੱਖੀਆਂ ਤੋਂ ਡਰਦੇ ਇਧਰ ਉਧਰ ਖਿੰਡ-ਪੁੰਡ ਗਏ।ਮਾਸਟਰ ਮੋਤਾ ਸਿੰਘ ਨੇਂ ਜਿੰਦਗੀ ਦਾ ਬਹੁਤਾ ਸਮਾਂ ਮਫਰੂਰ ਰਹਿ ਕੇ ਗੁਜਾਰਿਆ।ਅੰਗਰੇਜ ਸਰਕਾਰ ਆਪ ਦੀਆਂ ਸਰਗਰਮੀਆਂ ਤੇ ਗਹਿਰੀ ਨਜ਼ਰ ਰੱਖਦੀ ਸੀ।ਆਪ ਦੇ ਵਿਰੁੱਧ ਵੱਖ-ਵੱਖ ਸਾਜਸ਼ਾਂ ਵਿੱਚ ਭਾਗ ਲੈਣ ਤੇ ਰਾਜ ਦਾ ਤਖਤਾ ਉਲਟਾਉਣ ਲਈ ਕੇਸ ਦਰਜ ਕੀਤੇ ਗਏ।ਗ੍ਰਿਫਤਾਰੀਆਂ ਉਪਰੰਤ ਆਪ ਨੇਂ ਲਗਭਗ ਪੈਂਤੀ ਸਾਲ ਜੇਲ੍ਹਾਂ ਵਿੱਚ ਕੱਟੇ।ਬ੍ਰਿਟਿਸ਼ ਸਰਕਾਰ ਆਪ ਨੂੰ ਸਿੱਖ ਇਨਤਹਾਂ-ਪਸੰਦਾਂ ਵਿੱਚੋਂ ਸੱਭ ਤੋਂ ਵੱਧ ਖਤਰਨਾਕ ਅੰਗਰੇਜ ਵਿਰੋਧੀ ਸਮਝਦੀ ਸੀ।ਕਾਂਗਰਸ ਦੀ ਗਲਤ ਨੀਤੀ ਦੇ ਆਪ ਸਖਤ ਵਿਰੋਧੀ ਸਨ।ਭਾਰਤ ਦੇਸ਼ ਦੀ ਸੇਵਾ ਕਰਦਾ ਹੋਇਆ ਇਹ ਨਿਧੜਕ ਯੋਧਾ 9 ਜਨਵਰੀ,1960 ਨੂੰ ਅਕਾਲ ਚਲਾਣਾਂ ਕਰ ਗਿਆ।ਬੱਬਰ ਅਕਾਲੀ ਲਹਿਰ ਦੇ ਸਿਧਾਂਤਕ ਤੇ ਸਿਆਸੀ ਰਹਿਨੁਮਾਂ ਤੇ ਮਹਾਨ ਦੇਸ਼ ਭਗਤ ਹੋਣ ਕਾਰਣ ਆਪ ਦਾ ਨਾਂ ਸਦਾ ਅਮਰ ਰਹੇਗਾ।ਆਪ ਦੀ ਯਾਦ ਵਿੱਚ ਬੱਸ ਸਟੈਂਡ ਜਲੰਧਰ ਦੇ ਬਿਲਕੁਲ ਨਾਲ ਮਾਸਟਰ ਮੋਤਾ ਸਿੰਘ ਨਗਰ ਵਸਾਇਆ ਗਿਆ ਹੈ।ਅਜਿਹੇ ਯੋਧੇ ਨੂੰ ਲੱਖ-ਲੱਖ ਪ੍ਰਣਾਮ।ਭਾਰਤ ਦੇ ਅਜਿਹੇ ਮਹਾਨ ਸਪੂਤ ਦੀਆਂ ਹੋਰ ਯਾਦਗਾਰਾਂ ਉਸਾਰਨ ਦੀ ਲੋੜ ਹੈ ਤਾਂ ਜੋ ਆਉਣ ਵਾਲੀਆਂ ਨਸਲਾਂ ਅਜਿਹੇ ਮਾਰਗ ਦਰਸ਼ਕ ਦੇ ਸਮਰਪਿਤ ਜੀਵਨ ਤੋਂ ਪੈਰਣਾਂ ਲੈ ਸਕਣ।

# ਗ੍ਰੇਸ ਡਾਰਲਿੰਗ ਦੀ ਹਿੰਮਤ

-ਰਾਬਰਟ ਕਲੀਮੈਂਟਸ

ਮੇਰੀ ਸਭ ਤੋਂ ਛੋਟੀ ਭੂਆ ਦਾ ਨਾਂਅ ਗ੍ਰੇਸ ਸੀ, ਸ਼ਾਇਦ ਇਹੋ ਵਜ੍ਹਾ ਸੀ ਕਿ ਪਿਤਾ ਜੀ ਜਦੋਂ 'ਗ੍ਰੇਸ ਡਾਰਲਿੰਗ' ਦੀ ਕਹਾਣੀ ਸੁਣਾਉਂਦੇ ਤਾਂ ਮੈਂ ਬੜੇ ਚਾਅ ਨਾਲ ਸੁਣਦਾ ਸੀ। ਇਹ ਕਹਾਣੀ ਮੈਨੂੰ ਅੱਜ ਵੀ ਚੇਤੇ ਹੈ ਅਤੇ ਇਸ ਨੂੰ ਚੇਤੇ ਕਰਦਿਆਂ ਮੈਂ ਉਨ੍ਹਾਂ ਸਾਰੇ ਲੋਕਾਂ ਬਾਰੇ ਸੋਚਦਾ ਹਾਂ, ਜਿਹੜੇ ਮੈਨੂੰ ਬੜੀ ਸ਼ਿੱਦਤ ਨਾਲ ਇਹ ਦੱਸਦੇ ਹਨ ਕਿ ਕੋਈ ਵੀ ਵਿਅਕਤੀ ਇਕੱਲਾ ਆਪਣੇ ਦਮ 'ਤੇ ਦੁਨੀਆ ਨਹੀਂ ਬਦਲ ਸਕਦਾ।

ਅਜਿਹੇ ਲੋਕਾਂ ਨਾਲ ਮੈਂ ਬਿਲਕੁਲ ਸਹਿਮਤ ਨਹੀਂ ਤੇ ਉਨ੍ਹਾਂ ਲਈ ਹੀ ਪਿਤਾ ਜੀ ਦੀ ਇਹ ਚਹੇਤੀ ਕਹਾਣੀ ਪੇਸ਼ ਕਰ ਰਿਹਾ ਹਾਂ :

ਕਈ ਸਾਲ ਪਹਿਲਾਂ ਸਰਦੀਆਂ ਦੀ ਇੱਕ ਸ਼ਾਮ ਨੂੰ ਇੰਗਲੈਂਡ ਦੇ ਪੱਛਮੀ ਤੱਟ ਉੱਤੇ ਕਿਸੇ ਜਗ੍ਹਾ ਮਛੇਰਿਆਂ ਦੇ ਇੱਕ ਛੋਟੇ ਜਿਹੇ ਪਿੰਡ ਨੂੰ ਤੂਫਾਨ ਦਾ ਕਹਿਰ ਝੱਲਣਾ ਪਿਆ। ਮੀਂਹ ਅਤੇ ਹਨੇਰੀ ਵਿਚਾਲੇ ਜਿਵੇਂ ਮੁਕਾਬਲਾ ਛਿੜਿਆ ਹੋਇਆ ਹੋਵੇ। ਪਿੰਡ ਦੇ ਸਾਰੇ ਲੋਕ ਵਿਗੜੇ ਮੌਸਮ ਦੇ ਬਾਵਜੂਦ ਸਮੁੰਦਰੀ ਤਲ 'ਤੇ ਪਹੁੰਚ ਗਏ ਅਤੇ ਜਦੋਂ ਉਨ੍ਹਾਂ ਦੇ ਚਹੇਤਿਆਂ ਨਾਲ ਭਰੀਆਂ ਕਿਸ਼ਤੀਆਂ ਹੌਲੀ ਹੌਲੀ ਕਿਨਾਰੇ ਪਹੁੰਚਦੀਆਂ ਸਨ ਤਾਂ ਉਨ੍ਹਾਂ ਨੇ ਸੁੱਖ ਦਾ ਸਾਹ ਲਿਆ। ਜਦੋਂ ਹਰ ਕੋਈ ਸੁਰੱਖਿਅਤ ਕਿਨਾਰੇ 'ਤੇ ਪਹੁੰਚ ਗਿਆ ਤਾਂ ਉਹ ਘਰਾਂ ਨੂੰ ਪਰਤ ਆਏ। ਉਹ ਰਾਹਤ ਅਤੇ ਖੁਸ਼ੀ ਦੀ ਭਾਵਨਾ ਨਾਲ ਇੱਕ ਦੂਜੇ ਨੂੰ ਦੇਖ ਰਹੇ ਸਨ।

ਇੰਨੇ ਨੂੰ ਚੀਕਦੀ ਚਿਲਾਉਂਦੀ ਹਨੇਰੀ 'ਚੋਂ ਪਿੰਡ ਵਾਸੀਆਂ ਨੂੰ ਕਿਤਿਓਂ ਆਵਾਜ਼ ਸੁਣਾਈ ਦਿੱਤੀ। ਉਨ੍ਹਾਂ ਨੇ ਦੂਰ ਤੱਕ ਦੇਖਿਆ ਕਿ ਲਹਿਰਾਂ ਉਤੇ ਇੱਕ ਸਮੁੰਦਰੀ ਬੇੜਾ ਹਿਲੋਰੇ ਖਾ ਰਿਹਾ ਹੈ। ਉਨ੍ਹਾਂ ਨੇ ਤਾੜ ਲਿਆ ਕਿ ਇਹ ਬੇੜਾ ਅਸਲ ਵਿੱਚ ਚੱਟਾਨਾਂ ਨਾਲ ਟਕਰਾ ਕੇ ਟੁੱਟ ਚੁੱਕਾ ਹੈ ਤੇ ਉਥੇ ਫਸਿਆ ਹੋਇਆ ਹੈ। ਉਸ ਬੇੜੇ ਵਿੱਚ ਸਵਾਰ ਲੋਕ ਡਰੇ ਹੋਏ ਅਤੇ ਵਿਆਕੁਲ ਸਨ। ਉਹ ਮਦਦ ਲਈ ਬੁਲਾ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਸੇ ਵੀ ਪਲ ਉਨ੍ਹਾਂ ਦੀ ਮੌਤ ਹੋ ਸਕਦੀ ਹੈ। ਛੋਟੇ ਜਿਹੇ ਪਿੰਡ ਦੇ ਲੋਕਾਂ ਨੇ ਚੱਟਾਨ 'ਤੇ ਫਸੇ ਬੇੜੇ ਦੇ ਮਲਾਹਾਂ ਨੂੰ ਦੇਖਿਆ ਤੇ ਉਦਾਸੀ ਵਿੱਚ ਸਿਰ ਹਿਲਾਇਆ। ਉਹ ਜਾਣਦੇ ਸਨ ਕਿ ਖਰਾਬ ਮੌਸਮ ਵਿੱਚ ਸਮੁੰਦਰ ਵਿੱਚ ਉਤਰਨ ਦੀ ਕੋਸ਼ਿਸ਼ ਕਰਨਾ ਅਸੰਭਵ ਸੀ। ਰਹਿ-ਰਹਿ ਕੇ ਉਨ੍ਹਾਂ ਨੂੰ ਵਿਚਾਰੇ ਮਲਾਹਾਂ ਦੀ ਯਾਦ ਆਉਂਦੀ, ਪਰ ਲਾਚਾਰੀ ਵਿੱਚ ਆਪਣਾ ਸਿਰ ਝਟਕ ਦਿੰਦੇ ਸਨ।

ਫਿਰ ਉਨ੍ਹਾਂ 'ਚੋਂ ਇੱਕ ਕੁੜੀ ਨੇ ਚੱਟਾਨ 'ਤੇ ਫਸੇ ਲੋਕਾਂ ਦਾ ਚੀਕ-ਚਿਹਾੜਾ ਸੁਣਿਆ ਤੇ ਉਨ੍ਹਾਂ ਦੇ ਦਿਲ ਦਿਮਾਗ ਉਤੇ ਛਾਏ ਡਰ ਨੂੰ ਮਹਿਸੂਸ ਕੀਤਾ। ਨਾਲ ਹੀ ਉਸ ਨੇ ਉਥੇ ਮੌਜੂਦ ਹੋਰ ਲੋਕਾਂ ਨੂੰ ਦੇਖਿਆ। ਉਸ ਅੰਦਰ ਇੱਕ ਅਜੀਬ ਜਿਹੀ ਹਲਚਲ ਹੋਈ ਤੇ ਉਹ ਜ਼ੋਰ ਨਾਲ ਬੋਲੀ, ''ਉਨ੍ਹਾਂ ਦੀ ਸਹਾਇਤਾ ਕਰੋ।'' ਉਹ ਇੱਕ ਇੱਕ ਦਿਹਾਤੀ ਕੋਲ ਜਾ ਕੇ ਕਹਿ ਰਹੀ ਸੀ, ''ਜੇ ਤੁਸੀਂ ਉਨ੍ਹਾਂ ਦੀ ਸਹਾਇਤਾ ਨਾ ਕੀਤੀ ਤਾਂ ਉਹ ਜ਼ਿੰਦਾ ਨਹੀਂ ਬਚਣਗੇ।''

ਕੋਈ ਉਸ ਦੀ ਇਸ ਅਪੀਲ ਨੂੰ ਸੁਣ ਕੇ ਮਦਦ ਲਈ ਤਿਆਰ ਨਹੀਂ ਹੋਇਆ, ਇਥੋਂ ਤੱਕ ਕਿ ਉਸ ਦਾ ਪਿਤਾ ਤੇ ਭਰਾ ਵੀ ਨਹੀਂ। ਜਿਹੜੇ ਲੋਕਾਂ ਨੂੰ ਉਹ ਬਹੁਤ ਚੰਗੀ ਤਰ੍ਹਾਂ ਜਾਣਦੀ ਸੀ, ਉਨ੍ਹਾਂ ਵਿੱਚੋਂ ਕਿਸੇ ਨੇ ਪ੍ਰਤੀਕਿਰਿਆ ਨਹੀਂ ਦਿਖਾਈ, ਸਗੋਂ ਉਲਟਾ ਉਸ ਨੂੰ ਹੀ ਕਿਹਾ, ''ਗ੍ਰੇਸ, ਬੇਟੀ ਅਸੀਂ ਕੁਝ ਨਹੀਂ ਕਰ ਸਕਦੇ, ਸਾਡੇ ਵੱਸ ਦੀ ਗੱਲ ਨਹੀਂ।''

ਗ੍ਰੇਸ ਹਿੰਮਤ ਕਰ ਕੇ ਖੁਦ ਇੱਕ ਛੋਟੀ ਜਿਹੀ ਕਿਸ਼ਤੀ ਵਿੱਚ ਸਵਾਰ ਹੋ ਗਈ ਅਤੇ ਇਸ ਤੋਂ ਪਹਿਲਾਂ ਕਿ ਲੋਕ ਉਸ ਨੂੰ ਰੋਕਦੇ, ਉਹ ਤੇਜ਼ੀ ਨਾਲ ਚੱਪੂ ਚਲਾਉਂਦੀ ਹੋਈ ਚੱਟਾਨ 'ਤੇ ਫਸੇ ਟੁੱਟੇ ਜਹਾਜ਼ ਵੱਲ ਕਿਸ਼ਤੀ ਨੂੰ ਅੱਗੇ ਵਧਾਉਣ ਲੱਗੀ। ਹਰ ਬੰਦਾ ਤੂਫਾਨ ਵਿੱਚ ਡੋਲਦੀ ਉਸ ਦੀ ਕਿਸ਼ਤੀ ਨੂੰ ਦੇਖ ਰਿਹਾ ਸੀ, ਪਰ ਉਹ ਦੁਬਲੀ ਪਤਲੀ ਕੁੜੀ ਦ੍ਰਿੜ ਇਰਾਦੇ ਨਾਲ ਆਪਣੇ ਟੀਚੇ ਵੱਲ ਵਧਦੀ ਜਾਂਦੀ ਸੀ। ਉਸ ਦੇ ਭਰਾ ਨੇ ਰੋਣਾ ਚੀਕਣਾ ਸ਼ੁਰੂ ਕਰ ਦਿੱਤਾ, ਮਾਂ ਦੇ ਵੀ ਹੰਝੂ ਰੁਕ ਨਹੀਂ ਰਹੇ ਸਨ ਤੇ ਉਸ ਦਾ ਪਿਤਾ ਆਪਣੀ ਕਿਸਮਤ ਨੂੰ ਰੋ ਰਿਹਾ ਸੀ। ਅਚਾਨਕ ਉਨ੍ਹਾਂ ਦੇਖਿਆ ਕਿ ਉਹ ਕੁੜੀ ਚੱਟਾਨ 'ਤੇ ਫਸੇ ਲੋਕਾਂ ਕੋਲ ਪਹੁੰਚ ਚੁੱਕੀ ਹੈ। ਜ਼ਿੰਦਾ ਬਚਣ ਦੀ ਉਮੀਦ ਛੱਡ ਚੁੱਕੇ ਲੋਕ ਕਿਸ਼ਤੀ ਵਿੱਚ ਬੈਠ ਗਏ। ਉਹ ਸਿਰਫ ਕੁਝ ਹੀ ਲੋਕਾਂ ਨੂੰ ਕਿਸ਼ਤੀ ਵਿੱਚ ਬਿਠਾ ਸਕਦੀ ਸੀ। ਉਹ ਪ੍ਰੇਸ਼ਾਨ ਹੋ ਕੇ ਕੁਝ ਸੋਚ ਰਹੀ ਸੀ ਕਿ ਛੋਟੀ ਜਿਹੀ ਕਿਸ਼ਤੀ ਵਿੱਚ ਇੰਨੇ ਸਾਰੇ ਲੋਕਾਂ ਨੂੰ ਕਿਵੇਂ ਲਿਜਾ ਸਕੇਗੀ? ਇੰਨੇ ਨੂੰ ਸਾਗਰ ਤੱਟ ਵੱਲ ਉਸ ਦੀ ਨਜ਼ਰ ਗਈ ਤੇ ਉਸ ਨੇ ਦੇਖਿਆ ਕਿ ਸਾਰੀਆਂ ਕਿਸ਼ਤੀਆਂ ਉਸ ਵੱਲ ਆ ਰਹੀਆਂ ਹਨ। ਇਸ ਤਰ੍ਹਾਂ ਸਾਰੇ ਲੋਕਾਂ ਨੂੰ ਬਚਾ ਲਿਆ ਗਿਆ ਅਤੇ ਗ੍ਰੇਸ ਨਾ ਸਿਰਫ ਰਾਤੋ ਰਾਤ ਇੱਕ ਬਹਾਦਰ ਕੁੜੀ ਬਣ ਗਈ, ਸਗੋਂ ਅੱਜ ਤੱਕ ਉਸ ਨੂੰ ਚੇਤੇ ਕੀਤਾ ਜਾਂਦਾ ਹੈ।

ਇਹ ਬਹੁਤ ਪਿਆਰੀ ਕਹਾਣੀ ਹੈ ਅਤੇ ਇਸੇ ਕਾਰਨ ਮੈਨੂੰ ਆਪਣੇ ਪਿਤਾ ਜੀ ਦੇ ਮੂੰਹੋਂ ਵਾਰ ਵਾਰ ਸੁਣਨੀ ਚੰਗੀ ਲੱਗਦੀ ਸੀ। ਕਹਾਣੀ ਖਤਮ ਹੋਣ ਤੋਂ ਬਾਅਦ ਮੈਨੂੰ ਉਨ੍ਹਾਂ ਦੀਆਂ ਅੱਖਾਂ ਕਹਿੰਦੀਆਂ ਲੱਗਦੀਆਂ ਸਨ: ''ਬੌਬ, ਸੱਚਾਈ ਇਹ ਹੈ ਕਿ ਇੱਕ ਵਿਅਕਤੀ ਵੀ ਅਸੰਭਵ ਕੰਮ ਕਰ ਸਕਦਾ ਹੈ। ਜਦੋਂ ਦ੍ਰਿੜ ਵਿਅਕਤੀ ਹਿੰਮਤ ਕਰ ਕੇ ਅੱਗੇ ਵਧਦਾ ਹੈ ਤਾਂ ਉਸ ਨੂੰ ਰੋਕਣ ਵਾਲੇ ਲੋਕ ਵੀ ਉਸ ਦੇ ਪਿੱਛੇ ਤੁਰ ਪੈਂਦੇ ਹਨ। ਕਿਸੇ ਨਾ ਕਿਸੇ ਨੂੰ ਅੱਗੇ ਲੱਗਣਾ ਹੀ ਪੈਂਦਾ ਹੈ।''

ਅੱਜ ਸਾਨੂੰ ਵੀ ਗ੍ਰੇਸ ਵਰਗੀਆਂ ਅਣਗਿਣਤੀ ਬਹਾਦਰ ਕੁੜੀਆਂ ਦੀ ਲੋੜ ਹੈ।

# ਦੀਵਾ ਬਲਦਾ ਰਹੇ, ਜੀਵਨ ਚੱਲਦਾ ਰਹੇ

-ਜੁਗਿੰਦਰ ਸਿੰਘ 'ਫੁੱਲ'

ਨਦੀ ਦੇ ਨੀਰ ਦੇ ਨਜ਼ਾਰੇ ਅਤੇ ਸੁਗੰਧਤ ਸਮੀਰ ਦੀਆਂ ਲੋਰੀਆਂ ਤੇ ਹੁਲਾਰੇ ਜਿਉਂਦੇ ਜੀਵਨ ਦੇ ਬੁਲੰਦ ਸੰਕੇਤ ਅਤੇ ਸੰਦੇਸ਼ ਹਨ। ਇਨ੍ਹਾਂ ਦੀ ਸਾਫ ਨਜ਼ਰ ਤੇ ਨਜ਼ਰੀਆ ਸਦਾ ਅੱਗੇ ਵੱਧਣ ਦੀ ਦਿਸ਼ਾ ਵਿੱਚ ਹੁੰਦਾ ਹੈ। ਇਹ ਰਸਤਿਆਂ ਦੀਆਂ ਅੱਟਾਂ ਵੱਟਾਂ ਤੇ ਉਚਾਣ ਨਿਵਾਣਾਂ ਨੂੰ ਸਾਵੇਂ ਪੱਧਰੇ ਕਰਦੇ ਹੋਏ ਆਪਣੇ 'ਅੱਗੇ ਵਧੋ' ਦੇ ਪਰਚਮ ਨੂੰ ਕਦਮ-ਦਰ-ਕਦਮ ਬੁਲੰਦ ਸਥਿਤੀ ਵਿੱਚ ਰੱਖਦੇ ਹਨ। ਇਹ ਹਰਿਆਲੀਆਂ ਅਤੇ ਖੁਸ਼ਹਾਲੀਆਂ ਵੰਡਦੇ ਹੋਏ ਅਗਲੇਰੇ ਪੜਾਵਾਂ ਲਈ ਆਪਣੀਆਂ ਭਾਵਨਾਵਾਂ ਨੂੰ ਅਰੂਜ ਦੇ ਰਾਹ ਤੋਰੀ ਰੱਖਦੇ ਹਨ। ਇਹ ਇਨ੍ਹਾਂ ਦੇ ਸੁਭਾਅ ਦਾ ਵਿਲੱਖਣ ਅਤੇ ਵਿਸ਼ੇਸ਼ ਅੰਗ ਹੈ। ਲਿਸ਼ਕਾਂ ਵੰਡਦੇ ਸਭ ਲਹਿਰੇ ਅਤੇ ਪੁਸ਼ਪ ਜਗਤ ਦੇ ਖੇੜੇ ਜਾਗਰੂਕ ਕਰਨ ਦੀਆਂ ਇਨ੍ਹਾਂ ਨੂੰ ਸਦੀਵੀ ਬਖਸ਼ਿਸ਼ਾਂ ਹਨ।

ਚੜ੍ਹਦੀ ਕਲਾ ਦਾ ਸੰਕਲਪ ਹਨੇਰੀਆਂ ਗੁੱਠਾਂ ਵਿੱਚ ਉਜਾਲੇ ਕਰ ਦੇਣ ਦੀ ਤਾਕਤ ਰੱਖਦਾ ਹੈ। ਦ੍ਰਿੜ੍ਹ ਵਿਸ਼ਵਾਸ ਦੇ ਸਾਥ ਵਿੱਚ ਬੇਸ਼ਕ ਹਿਮਾਲਾ ਪਰਬਤ ਦੀਆਂ ਚੋਟੀਆਂ ਤਾਂ ਨੀਵੀਆਂ ਨਹੀਂ ਹੁੰਦੀਆਂ, ਪਰ ਜਿਗਰਾ ਅਤੇ ਜੋਸ਼ ਹੌਸਲੇ ਨੂੰ ਐਨੀ ਉਚਤਾ ਨਾਲ ਜੋੜ ਦਿੰਦੇ ਹਨ ਕਿ ਐਵਰਿਸਟ ਸਣੇ ਸਭ ਚੋਟੀਆਂ ਬੌਣੀਆਂ ਜਾਪਦੀਆਂ ਹਨ। ਦ੍ਰਿਸ਼ਟੀ ਵਿੱਚ ਉਚ ਉਦੇਸ਼ ਦਾ ਵਾਸਾ ਪ੍ਰਗਤੀ ਦੀ ਤੀਬਰਤਾ ਤੇ ਗਤੀ ਨੂੰ ਵਧਾਉਂਦਾ ਹੈ। ਫਿਰ ਨਵੀਆਂ ਸਾਂਝਾਂ ਲਈ ਅਵਸਰ ਆਪਾ ਪ੍ਰਗਟ ਕਰਦੇ ਹਨ। ਸਹਿਜ ਵਿੱਚੋਂ ਉਪਜੇ ਹੋਏ ਸੁਖਾਵੇਂ ਸਬੰਧ ਪ੍ਰੀਤ ਵਿਸੁੱਤੇ ਅਹਿਸਾਸਾਂ 'ਚ ਦੀਪ ਲਾਟਾਂ ਦਾ ਪ੍ਰਕਾਸ਼ ਉਪਜਾ ਦਿੰਦੇ ਹਨ। ਇਸ ਦੇ ਉਲਟ ਤਣਾਅ ਤੇ ਦਬਾਅ ਦੀ ਹਾਲਤ ਸੋਚ ਸ਼ਕਤੀ ਨੂੰ ਅਪਾਹਜ ਕਰਦੀ ਹੈ। ਨਿਸ਼ਚੈ ਤੇ ਨਿਪਟਾਰੇ ਹੈਰਾਨੀਆਂ ਪ੍ਰੇਸ਼ਾਨੀਆਂ ਵਿੱਚ ਗੁਆਚ ਜਾਂਦੇ ਹਨ। ਉਦਾਸੀ ਅਤੇ ਨਿਰਾਸ਼ਤਾ ਦੀ ਸਥਿਤੀ ਘੇਰਾਬੰਦੀ ਕਰ ਲੈਂਦੀ ਹੈ।

ਅਜਿਹੀ ਹਾਲਤ 'ਚ ਅੰਤਰਝਾਤ ਅਤੇ ਸਵੈ ਵਿਸ਼ਲੇਸ਼ਣ ਲਾਹੇਵੰਦ ਹੁੰਦਾ ਹੈ। ਇਹ ਗੱਲ ਵਿਸ਼ੇਸ਼ ਤੌਰ 'ਤੇ ਯਾਦ ਰੱਖਣ ਯੋਗ ਹੋਵੇਗੀ ਕਿ ਘਬਰਾਹਟ ਅਤੇ ਬੇਦਿਲੀ ਵਿੱਚੋਂ ਜਦ ਉਭਰ ਕੇ ਬਾਹਰ ਆਇਆ ਜਾਂਦਾ ਹੈ ਤਾਂ ਇਕ ਨਵੀਂ ਚੇਤਨਾ ਤੇ ਆਤਮ ਵਿਸ਼ਵਾਸ ਨਵੀਆਂ ਲੀਹਾਂ ਅਤੇ ਵਿਲੱਖਣ ਪੈੜਾਂ ਰਾਹੀਂ ਅਗਵਾਈ ਦਿੰਦਾ ਹੈ। ਹਨੇਰਿਆਂ ਦੇ ਘੇਰਿਆਂ 'ਚ ਵੀ ਕਿਸੇ ਨਿੱਕੇ ਜਿਹੇ ਬਿੰਦੂ ਵਿੱਚੋਂ ਆ ਰਹੀ ਲੋਅ ਵੱਡੀਆਂ ਸਮੱਸਿਆਵਾਂ ਦੇ ਹੱਲ ਲਈ ਰਹਿਨੁਮਾਈਆਂ ਦੇ ਸਕਦੀ ਹੈ। ਹਿਰਦੇ 'ਚ ਉਭਰੀ ਸਮੱਰਥਾ ਵੱਡਿਆਂ ਪਹਾੜਾਂ ਤੇ ਗਹਿਰੇ ਬਹਿਰਾਂ ਨਾਲ ਮੱਥਾ ਲੁਆ ਦਿੰਦੀ ਹੈ। ਗੈਂਤੀ ਵਿੱਚੋਂ ਉਚੀ ਆਵਾਜ਼



ਜਦ ਕਾਫਲੇ ਦਾ ਰੂਪ ਧਾਰਨ ਕਰਦੀ ਹੈ ਤਾਂ 'ਅਸੰਭਵ' ਸ਼ਬਦ ਖਾਤਮੇ ਦੇ ਰਾਹੇ ਤੁਰ ਜਾਂਦਾ ਹੈ। ਗਿਆਨ ਦੀ ਅਗਵਾਈ ਤੇ ਬੌਧਿਕ ਗੁਣਾਂ ਦੀ ਹੋਂਦ ਨਿਰਾਸ਼ਤਾ ਅਤੇ ਅਨਿਸ਼ਚਿਤਤਾ ਨੂੰ ਰੌਂਦ ਸੁੱਟਦੀ ਹੈ। ਪ੍ਰੇਰਕ ਸਿਧਾਂਤਾਂ ਦੀ ਰੋਸ਼ਨੀ ਦਿੱਸ ਹੱਦਿਆਂ ਤੱਕ ਪਹੁੰਚ ਨੂੰ ਸੁਖਾਲੀ ਤੇ ਸਹਿਜ ਕਰ ਦਿੰਦੀ ਹੈ। ਨਵੀਂ ਊਰਜਾ ਝੰਜਟਾਂ ਅਤੇ ਤੂਫਾਨਾਂ ਦਾ ਸਾਹਮਣਾ ਕਰਨ ਦੇ ਯੋਗ ਤੇ ਸਮਰੱਥ ਬਣਾਉਂਦੀ ਅਤੇ ਮਨ ਦੀ ਜਿੱਤ ਸਮੂਹ ਜਿੱਤਾਂ ਦਾ ਨੀਂਹ ਪੱਥਰ ਰੱਖ ਕੇ ਅੱਗੇ ਤੋਰਦੀ ਹੈ।

ਸਮੱਸਿਆਵਾਂ ਤੇ ਪ੍ਰਸ਼ਨ ਚਿੰਨ੍ਹਾਂ ਨੂੰ ਚਿੰਤਨਸ਼ੀਲਤਾ ਨਾਲ ਘੋਖਿਆਂ ਇਨ੍ਹਾਂ ਦੇ ਹੱਲ ਤੱਕ ਪਹੁੰਚ ਸਾਧਾਰਨ ਰੂਪ ਹੋ ਨਿਬੜਦੀ ਹੈ। ਵਿਸ਼ਵਾਸ ਨਾਲ ਭਰਪੂਰ ਕੀਤਾ ਸੰਘਰਸ਼ ਤਾਰਿਆਂ ਜੜਤ ਅਕਾਸ਼, ਕਹਿਕਸ਼ਾਂ ਅਤੇ ਚੰਨ ਦਾ ਮਸਤਕ ਦਿਖਾ ਦਿੰਦਾ ਹੈ। ਕਾਲੀਆਂ ਘਟਾਵਾਂ ਅਤੇ ਘਣਘੋਰ ਬੱਦਲ ਛੰਡ ਜਾਂਦੇ ਹਨ। ਸਤਰੰਗੀ ਦਾ ਰੂਪ ਅਤੇ ਹੁਸਨ ਵਿਲੱਖਣ ਸ਼ਾਇਸਤਗੀ ਨਾਲ ਸਵਾਗਤੀ ਅਹਿਸਾਸਾਂ ਭਰਪੂਰ ਹੋ ਕੇ ਜੈਮਾਲਾ ਨਾਲ ਇੰਤਜ਼ਾਰ ਕਰਦਾ ਹੈ। ਇੰਜ ਸਵੈ ਸੋਚ ਅਤੇ ਹਿੰਮਤ ਰਾਹੀਂ ਲੱਭੇ ਗਏ ਹੱਲ ਅਤੇ ਰਸਤੇ ਮਜ਼ਬੂਤ ਵਿਉਂਤਬੰਦੀਆਂ ਉਸਾਰਦੇ ਹਨ। ਸਾਥੀਆਂ ਅਤੇ ਹਿਤੈਸ਼ੀਆਂ ਵੱਲੋਂ ਪ੍ਰਗਟ ਕੀਤੇ ਵਿਚਾਰਾਂ ਦੀ ਕਦਰ ਕਰ ਕੇ ਗਹਿਰਾਈ ਸਹਿਤ ਇਨ੍ਹਾਂ ਪ੍ਰਤੀ ਚੇਤਨਤਾ ਨੂੰ ਜਾਗਰੂਕ ਕਰ ਲੈਣਾ ਸਿਆਣਪ ਹੁੰਦੀ ਹੈ। ਜ਼ਿੰਦਗੀ ਦੇ ਮੈਦਾਨ ਨੂੰ ਕੋਈ ਜੰਗੀ ਨਜ਼ਰੀਏ ਨਾਲ ਦੇਖਦਾ ਹੈ ਅਤੇ ਕੋਈ ਖੇਡਦਾ ਪਿੜ ਤਸੱਵਰ ਕਰਦਾ ਹੈ। ਯੁੱਧ ਦੌਰਾਨ ਜੋਸ਼ ਅਤੇ ਖਰੋਸ਼ ਦੀ ਪਰਬਲਤਾ ਹੁੰਦੀ ਹੈ ਜਦ ਕਿ ਖੇਡ ਦੇ ਮੈਦਾਨ ਦਾ ਸਬੰਧ ਸਿਧਾਂਤਾਂ, ਨਿਯਮਾਂ ਅਤੇ ਅਨੁਸ਼ਾਸਨ ਨੂੰ ਨਾਲ ਲੈ ਕੇ ਤੁਰਦਾ ਹੈ। ਪ੍ਰੀਤਾਂ ਤੇ ਪਿਆਰਾਂ ਭਰਪੂਰ ਭਾਵਨਾਵਾਂ ਵਾਲੇ ਸਮਝੌਤਾਵਾਦੀ ਹੋ ਕੇ ਜੰਗਾਂ ਵਿੱਚ ਵੀ ਰੰਗਾਂ ਦੀ ਹੋਂਦ ਕਾਇਮ ਕਰ ਲੈਂਦੇ ਹਨ। ਜਦ ਸੋਚ ਹੋਛੇ ਰਸਤਿਆਂ ਨੂੰ ਛੱਡ ਕੇ ਪਿਆਰ ਅਤੇ ਸਤਿਕਾਰ ਦੇ ਆਦਾਨ ਪ੍ਰਦਾਨ ਦੇ ਰਾਹ ਤੁਰਦੀ ਹੈ ਤਾਂ ਹੱਥ ਵਿੱਚ ਤਲਵਾਰਾਂ ਦੀ ਥਾਂ ਹਾਰਾਂ ਦੀ ਹੋਂਦ ਕਾਇਮ ਹੋ ਜਾਂਦੀ ਹੈ। ਕਹਿਕਿਆਂ ਦੀਆਂ ਡਾਰਾਂ ਦਿਲਦਾਰਾਂ ਦੇ ਹਿਰਦਿਆਂ ਦੀ ਉਪਜ ਹੁੰਦੀ ਹੈ। ਕਿਸੇ ਦੀ ਖੁਸ਼ੀ ਵਿੱਚ ਸ਼ਰੀਕ ਹੋ ਕੇ ਹੱਸ ਦੰਦਾਂ ਦੀ ਪ੍ਰੀਤ ਦੀ ਸਾਂਝ ਧੁਰ ਅੰਦਰੋਂ ਮਧੁਰ ਗੀਤਾਂ ਦਾ ਸ੍ਰੋਤ ਬਣਦੀ ਹੈ। ਖੁਸ਼ੀ ਗਮੀ, ਵਸਲ ਤੇ ਵਿਛੋੜਾ, ਲਾਭ ਅਤੇ ਹਾਨ ਸਮੂਹ ਜੁੱਟਾਂ ਨੂੰ ਸਮਰੂਪ ਵਿੱਚ ਸਵੀਕਾਰਨਾ ਸਪੱਸ਼ਟ ਤੇ ਉਚ ਵਿਚਾਰਧਾਰਾ ਵਾਲੀ ਚੜ੍ਹਦੀ ਕਲਾ ਦੇ ਮਾਲਕ ਵਿਅਕਤੀਆਂ ਦੀ ਫਿਤਰਤ ਦਾ ਵਿਲੱਖਣ ਅੰਗ ਹੁੰਦਾ ਹੈ। ਉਨ੍ਹਾਂ ਦੀਆਂ ਸੋਚਾਂ ਸਦੀਵੀ ਸਹਿਜ ਅਤੇ ਸਥਿਰਤਾ ਭਰਪੂਰ ਰਹਿੰਦੀਆਂ ਹਨ।

ਕਾਲੀਆਂ ਬੋਲੀਆਂ ਰਾਤਾਂ ਵਿੱਚ ਰੋਸ਼ਨੀਆਂ ਦੀਆਂ ਬਾਤਾਂ ਹਾਂ ਵਾਚਕ ਹਾਲਤ ਪੈਦਾ ਕਰਨ ਦੀ ਤਾਕਤ ਰੱਖਦੀਆਂ ਹਨ। ਇਕਾਗਰਤਾ, ਇਕਜੁਟਤਾ ਤੇ ਸਹਿਯੋਗ ਵਿੰਗੇ ਟੇਢੇ, ਉਚਾਣ, ਨਿਵਾਣਾ ਤੇ ਬਿਖੜੇ ਥਾਵਾਂ ਉਪਰ ਵੀ ਪੁਸ਼ਪ ਰਾਹਾਂ ਦੀ ਹੋਂਦ ਕਾਇਮ ਕਰ ਦਿੰਦਾ ਹੈ। ਤੂਫਾਨਾਂ ਤੇ ਹੈਵਾਨਾਂ ਨਾਲ ਸਾਹਮਣਾ ਮਨੁੱਖੀ ਸੋਚ ਦੀ ਸਥਿਰਤਾ ਦੀ ਪਰਖ ਹੁੰਦੀ ਹੈ। ਤਰਥੱਲੀ ਵਾਲੀਆਂ, ਝੱਖੜਾਲੀਆਂ ਅਤੇ ਤੂਫਾਨੀ ਹਾਲਤ ਦੌਰਾਨ ਜੋ ਵਿਅਕਤੀ ਦ੍ਰਿੜ੍ਹ, ਅਟੱਲ ਅਤੇ ਅਚੁਕ ਰਹਿੰਦਾ ਹੈ, ਉਹੀ ਅੰਤ ਜੇਤੂ ਹੋ ਕੇ ਉਭਰਦਾ ਹੈ। ਇੰਜ ਉਲਝਣਾ, ਸਮੱਸਿਆਵਾਂ ਤੇ ਜਟਿਲ ਹਾਲਾਤ ਦੇ ਸੁਲਝਾਅ ਸਮੇਂ ਸਿਹਤਮੰਦ ਤੇ ਸਥਿਰ ਨਜ਼ਰੀਆ ਮੰਜ਼ਿਲ ਤੱਕ ਪਹੁੰਚ ਲਈ ਕਦਮਾਂ ਵਿੱਚ ਅਰੂਜ ਅਤੇ ਚੜ੍ਹਦੀ ਕਲਾ ਦਾ ਮੁੱਢ ਬੰਨ੍ਹਦਾ ਹੈ। ਨਿਡਰ, ਅਰੁਕ ਅਤੇ ਨਿਸ਼ਚੇਵਾਚਕ ਭਾਵਨਾਵਾਂ ਦਾ ਪੱਲੂ ਸਦੀਵੀ ਪੱਕੇ ਰੂਪ 'ਚ ਪਕੜੋ ਤਾਂ ਜੋ ਤੂਫਾਨਾਂ, ਝੱਖੜਾਂ ਅਤੇ ਹਨੇਰੀਆਂ ਵਿੱਚ ਵੀ ਪ੍ਰਗਤੀਸ਼ੀਲਤਾ ਦਾ ਦੀਵਾ ਬਲਦਾ ਰਹੇ ਅਤੇ ਜੀਵਨ ਚੱਲਦਾ ਰਹੇ।

# ਸਿੱਖ ਬੀਬੀਆਂ ਲਈ ਆਦਰਸ਼ ਸੀ ਰਾਣੀ ਸਦਾ ਕੌਰ

-ਸੁਖਚੈਨ ਸਿੰਘ ਲਾਇਲਪੁਰੀ-

ਪੰਜਾਬ ਵਿੱਚ ਸਿੱਖ ਮਿਸਲਾਂ ਦੇ ਸਮੇਂ 12 ਮਿਸਲਾਂ ਵਿੱਚ ਕਨ੍ਹਈਆ ਮਿਸਲ ਵਿਸ਼ੇਸ਼ ਸਥਾਨ ਰੱਖਦੀ ਸੀ। ਇਸ ਦਾ ਬਾਨੀ ਜੈ ਸਿੰਘ ਸੀ। ਜੈ ਸਿੰਘ ਲਾਹੌਰ ਤੋਂ 24 ਕਿਲੋਮੀਟਰ ਦੂਰ ਕਾਨਾ ਕਾਛਾ ਪਿੰਡ ਦਾ ਵਸਨੀਕ ਸੀ। ਇਸ ਲਈ ਉਸ ਨੇ ਆਪਣੀ ਮਿਸਲ ਦਾ ਨਾਂ ਆਪਣੇ ਜੱਦੀ ਪਿੰਡ ਕਾਨਾ ਤੋਂ ਕਨ੍ਹਈਆ ਮਿਸਲ ਰੱਖ ਲਿਆ।

ਸਰਦਾਰ ਜੈ ਸਿੰਘ ਦੀ ਮਿਸਲ ਵਿੱਚ ਪਠਾਨਕੋਟ, ਹਾਜੀਪੁਰ, ਦੋਰਾਹਾ, ਸੁਜਾਨਪੁਰ, ਦੀਨਾਨਗਰ, ਗੜ੍ਹਸ਼ੰਕਰ, ਹੁਸ਼ਿਆਰਪੁਰ ਤੇ ਕਾਂਗੜੇ ਤੱਕ ਪਹਾੜੀ ਇਲਾਕਾ ਸ਼ਾਮਲ ਸੀ। 1760 ਵਿੱਚ ਜੈ ਸਿੰਘ ਦੇ ਘਰ ਇਕ ਪੁੱਤਰ (ਗੁਰਬਖਸ਼ ਸਿੰਘ) ਦਾ ਜਨਮ ਹੋਇਆ। ਗੁਰਬਖਸ ਸਿੰਘ ਦਾ ਵਿਆਹ ਸਦਾ ਕੌਰ ਨਾਲ ਹੋਇਆ, ਜੋ ਬਹਾਦਰ ਔਰਤ ਸੀ। ਸਦਾ ਕੌਰ ਘੋੜ ਸਵਾਰੀ, ਸ਼ਾਸਤਰ ਵਿੱਦਿਆ ਵਿੱਚ ਨਿਪੁੰਨ ਸੀ। ਉਹ ਫੌਜ ਦੀ ਕਮਾਨ ਖੁਦ ਸੰਭਾਲਦੀ ਸੀ ਤੇ ਰਾਜਨੀਤੀ ਦੀ ਵੀ ਮਾਹਰ ਸੀ। ਉਹ ਰਾਜ ਪ੍ਰਬੰਧ ਦੇ ਮਾਮਲਿਆਂ ਵਿੱਚ ਵੀ ਸੂਝਵਾਨ ਸੀ। ਸਰਦਾਰ ਜੈ ਸਿੰਘ ਦੇ ਤਿੰਨਾਂ ਪੁੱਤਰਾਂ ਵਿੱਚੋਂ ਵੱਡਾ ਗੁਰਬਖਸ਼ ਸਿੰਘ ਹੀ ਰਾਜਸੀ ਕੰਮਾਂ ਵਿੱਚ ਸਿਆਣਾ ਸੀ। ਉਸ ਦੀ ਅਚਾਨਕ ਮੌਤ ਹੋਣ 'ਤੇ ਜੈ ਸਿੰਘ ਨੂੰ ਸਦਾ ਕੌਰ ਨੂੰ ਮਿਸਲ ਦੀ ਜ਼ਿੰਮੇਵਾਰੀ ਸੌਂਪਣੀ ਪਈ। ਜੈ ਸਿੰਘ ਨੇ ਆਪਣੇ ਕਰੀਬੀ ਮਿੱਤਰ ਮਹਾਂ ਸਿੰਘ ਦੇ ਪੁੱਤਰ ਰਣਜੀਤ ਸਿੰਘ ਨਾਲ ਆਪਣੀ ਪੋਤਰੀ ਦਾ ਵਿਆਹ ਕਰ ਦਿੱਤਾ। ਦੋ ਸਾਲ ਬਾਅਦ 1798 ਵਿੱਚ ਕਨ੍ਹਈਆ ਮਿਸਲ ਦਾ ਮੋਢੀ ਜੈ ਸਿੰਘ ਇਸ ਦੁਨੀਆ ਤੋਂ ਚੱਲ ਵਸਿਆ।

ਜੈ ਸਿੰਘ ਦੀ ਮੌਤ ਪਿੱਛੋਂ ਗੁਰਬਖਸ਼ ਸਿੰਘ ਦੀ ਵਿਧਵਾ ਸਦਾ ਕੌਰ ਕਨ੍ਹਈਆ ਮਿਸਲ ਦੀ ਮਾਲਕ ਬਣੀ। ਉਹ ਯੋਗ, ਚਤਰ ਤੇ ਤੀਬਰ ਇੱਛਾ ਵਾਲੀ ਔਰਤ ਸੀ। ਉਸ ਨੇ ਆਪਣੇ ਜਵਾਈ ਰਣਜੀਤ ਸਿੰਘ ਦੇ ਰਾਜ ਦਾ ਵਿਸਥਾਰ ਕਰਨ ਵਿੱਚ ਉਸ ਦੀ ਮਦਦ ਕੀਤੀ। ਸਦਾ ਕੌਰ ਦੀ ਸਲਾਹ ਨਾਲ ਹੀ 1796 ਵਿੱਚ ਰਣਜੀਤ ਸਿੰਘ ਨੇ ਆਪਣੀ ਮਿਸਲ ਦਾ ਪ੍ਰਬੰਧ ਦੀਵਾਨ ਲਖਪਤ ਰਾਏ ਕੋਲੋਂ ਆਪਣੇ ਹੱਥਾਂ ਵਿੱਚ ਲੈ ਲਿਆ। 1799 ਵਿੱਚ ਲਾਹੌਰ ਦੀ ਜਿੱਤ ਵੇਲੇ ਸਦਾ ਕੌਰ ਆਪਣੇ ਦਸ ਹਜ਼ਾਰ ਸੈਨਿਕਾਂ ਨਾਲ ਰਣਜੀਤ ਸਿੰਘ ਦੀ ਮਦਦ 'ਤੇ ਸੀ। ਇਸ ਪਿੱਛੋਂ ਵੀ ਉਹ ਮਹਾਰਾਜਾ ਰਣਜੀਤ ਸਿੰਘ ਨੂੰ ਰਾਜਨੀਤਕ ਤੇ ਹੋਰ ਸਰਗਰਮੀਆਂ ਵਿੱਚ ਬਹੁਪੱਖੀ ਸਲਾਹ ਦਿੰਦੀ ਰਹੀ।

1821 ਵਿੱਚ ਸਰਹੱਦੀ ਖੇਤਰ ਵਿੱਚ ਬਗਾਵਤ ਹੋਈ ਤਾਂ ਮਹਾਰਾਜਾ ਰਣਜੀਤ ਸਿੰਘ ਨੇ ਸਦਾ ਕੌਰ ਤੇ ਆਪਣੇ ਪੁੱਤਰ ਕੰਵਰ ਸ਼ੇਰ ਸਿੰਘ ਦੀ ਕਮਾਨ ਹੇਠ ਸੈਨਾ ਭੇਜੀ। ਸਦਾ ਕੌਰ ਨੇ ਕਈ ਝੜਪਾਂ ਵਿੱਚ ਪਠਾਣਾਂ ਨੂੰ ਸ਼ਿਕਸਤ ਦਿੱਤੀ।

ਰਾਣੀ ਸਦਾ ਕੌਰ ਤੇ ਮਹਾਰਾਜਾ ਰਣਜੀਤ ਸਿੰਘ ਦੀ ਨੇੜਤਾ ਨੂੰ ਧਿਆਨ ਸਿੰਘ ਡੋਗਰਾ ਸਹਾਰ ਨਾ ਸਕਿਆ। ਦੋਵਾਂ ਵਿੱਚ ਤਕਰਾਰ ਪੈਦਾ ਕਰਨ ਲਈ ਉਸ ਨੇ ਚਾਲ ਚੱਲੀ। ਰਾਜਾ ਧਿਆਨ ਸਿੰਘ ਨੇ ਰਣਜੀਤ ਸਿੰਘ ਕੋਲ ਸਿਫਾਰਸ਼ ਕੀਤੀ ਕਿ ਇਸ ਜਿੱਤ ਵਜੋਂ ਸ਼ੇਰ ਸਿੰਘ ਨੂੰ ਵੱਡੀ ਜਾਗੀਰ ਮਿਲਣੀ ਚਾਹੀਦੀ ਹੈ। ਮਹਾਰਾਜਾ ਰਣਜੀਤ ਸਿੰਘ ਨੇ ਸਦਾ ਕੌਰ ਨੂੰ ਕਿਹਾ ਕਿ ਜਿੰਨੀ ਜਾਗੀਰ ਉਹ ਆਪਣੇ ਦੋਹਤਰੇ ਸ਼ੇਰ ਸਿੰਘ ਨੂੰ ਦੇਵੇਗੀ, ਉਨਾ ਹੀ ਇਲਾਕਾ ਮਹਾਰਾਜਾ ਵੀ ਦੇ ਦੇਵੇਗਾ। ਸਦਾ ਕੌਰ ਆਪਣੇ ਜਿਉਂਦੇ ਜੀਅ ਕੋਈ ਇਲਾਕਾ ਦੇਣਾ ਨਾ ਮੰਨੀ। ਇਸ ਗੱਲ ਤੋਂ ਦੋਵਾਂ ਵਿੱਚ ਅਣਬਣ ਹੋ ਗਈ। ਧਿਆਨ ਸਿੰਘ ਡੋਗਰਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਕੰਨ ਭਰੇ ਕਿ ਸਦਾ ਕੌਰ ਕਿਸੇ ਵੇਲੇ ਵੀ ਉਸ ਲਈ ਖਤਰਾ ਬਣ ਸਕਦੀ ਹੈ। ਇਸ ਲਈ ਸਦਾ ਕੌਰ ਨੂੰ ਕੈਦ ਕਰ ਲਿਆ ਜਾਵੇ।

ਇਸੇ ਚਾਲ ਮੁਤਾਬਕ 1821 ਵਿੱਚ ਸਦਾ ਕੌਰ ਨੂੰ ਲਾਹੌਰ ਬੁਲਵਾ ਕੇ ਕੈਦ ਕਰ ਲਿਆ ਗਿਆ ਅਤੇ ਉਸ ਕੋਲੋਂ ਖਜ਼ਾਨੇ ਦੀ ਮੰਗ ਕੀਤੀ ਗਈ। ਸਦਾ ਕੌਰ ਦੇ ਇਨਕਾਰ ਕਰਨ 'ਤੇ ਮਹਾਰਾਜਾ ਰਣਜੀਤ ਸਿੰਘ ਨੇ ਕਨ੍ਹਈਆ ਮਿਸਲ ਦੇ ਜ਼ਿਆਦਾਤਰ ਇਲਾਕਿਆਂ ਨੂੰ ਆਪਣੇ ਰਾਜ ਵਿੱਚ ਸ਼ਾਮਲ ਕਰ ਲਿਆ। ਮਿਸਰ ਦੀਵਾਨ ਚੰਦ ਸਦਾ ਕੌਰ ਨੂੰ ਜ਼ੰਜੀਰਾਂ ਵਿੱਚ ਜਕੜ ਕੇ ਮੁਕੇਰੀਆਂ ਲੈ ਗਿਆ ਤੇ ਉਸ ਨੂੰ ਤਿੰਨ ਦਿਨ ਤੇ ਤਿੰਨ ਰਾਤਾਂ ਭੁੱਖੀ ਰੱਖਿਆ। ਅਖੀਰ ਸਦਾ ਕੌਰ ਨੇ ਸ਼ਰਤ ਮੰਨ ਲਈ ਤੇ ਮੁਕੇਰੀਆਂ ਦਾ ਮਜ਼ਬੂਤ ਕਿਲ੍ਹਾ ਵੀ ਉਨ੍ਹਾਂ ਫਤਹਿ ਕਰ ਲਿਆ। ਇਸ ਤਰ੍ਹਾਂ ਕਨ੍ਹਈਆ ਮਿਸਲ ਦਾ ਮਾਲ ਤੇ ਧਨ ਮਹਾਰਾਜੇ ਦੇ ਹੱਥਾਂ ਵਿੱਚ ਆ ਗਿਆ। ਰਾਣੀ ਸਦਾ ਕੌਰ ਕੁਝ ਮਹੀਨੇ ਮਹਾਰਾਜਾ ਰਣਜੀਤ ਸਿੰਘ ਦੀ ਕੈਦ ਵਿੱਚ ਰਹਿ ਕੇ 1832 ਵਿੱਚ ਇਸ ਜਹਾਨ ਨੂੰ ਅਲਵਿਦਾ ਕਹਿ ਗਈ। ਉਸ ਦੀ ਦੁੱਖ ਭਰੀ ਮੌਤ ਦੇ ਨਾਲ ਹੀ ਕਨ੍ਹਈਆ ਮਿਸਲ ਦਾ ਪਤਨ ਹੋ ਗਿਆ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

We Provide services:
- Corporation Registration
- Corporation Tax Returns
- Personal Tax Returns
- Accounting • Book - Keeping
- H.S.T • WSIB • T4 • E-File
- Assistance in Audit with CRA

CPA CHARTERED PROFESSIONAL ACCOUNTANTS



Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com

7956 Torbram Rd, Unit #209, Brampton, ON L6T 5A2 Fax: 905-291-0741

## ਗੁਰਦੁਆਰਾ ਪਹਿਲੀ ਪਾਤਿਸ਼ਾਹੀ ਕਰਾਚੀ




ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਜਦ ਕਰਾਚੀ ਤਸ਼ਰੀਫ਼ ਲਿਆਏ ਤਦ ਸਭ ਤੋਂ ਪਹਿਲਾਂ ਇੱਥੇ ਹੀ ਬਿਰਾਜੇ। ਇਹ ਅਸਥਾਨ ਕਰਾਚੀ .ਸ਼ਹਿਰ ਦੇ ਖੇਤਰ ਅਰਾਮ ਬਾਗ਼ ਵਿੱਚ ਸਥਿਤ ਹੈ। ਇੱਥੋਂ ਉੱਠ ਕੇ ਹੀ ਗੁਰੂ ਸਾਹਿਬ ਸਮੁੰਦਰ ਦੀ ਦੇਵੀ ਦੀ ਗੁਫਾ ਵਿੱਚ ਗਏ, ਜਿੱਥੋਂ ਜੋਤ ਲੈ ਕੇ ਲੋਕਾਂ ਨੇ ਸ਼ਹਿਰ ਅੰਦਰ ਗੁਰਮੰਦਿਰ ਬਣਾਇਆ। ਹੁਣ ਕਰਾਚੀ ਅੰਦਰ ਗੁਰਮੰਦਿਰ ਇੱਕ ਬਹੁਤ ਵੱਡੇ ਇਲਾਕੇ ਦਾ ਨਾਂ ਵੀ ਹੈ।

# ਇੰਦਰਾ ਗਾਂਧੀ ਤੋਂ ਵੱਧ ਕਪਟੀ ਤੇ ਧੋਖੇਬਾਜ਼ ਹੈ ਮੋਦੀ ਸਰਕਾਰ

-ਕਰਣ ਥਾਪਰ



ਅਸ਼ੋਕਾ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਅਤੇ ਆਧੁਨਿਕ ਭਾਰਤ ਦੇ ਸਭ ਤੋਂ ਵੱਕਾਰੀ ਸਿਆਸੀ ਵਿਚਾਰਕ ਪ੍ਰਤਾਪ ਭਾਨ ਮਹਿਤਾ ਨੇ ਇੱਕ ਇੰਟਰਵਿਊ ਵਿੱਚ ਕਿਹਾ ਹੈ ਕਿ ਮੋਦੀ ਸਰਕਾਰ ਫਾਸ਼ੀਵਾਦ ਦੀ ਭਾਸ਼ਾ ਬੋਲਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਰਕਾਰ ਬਣਾਉਣ ਲਈ ਚੋਣਾਂ ਨੂੰ ਜਿੱਤਣ ਲਈ ਪ੍ਰਤੀਬੱਧ ਹੈ ਅਤੇ ਦੂਜੇ ਪਾਸੇ ਇਹ ਫਾਸ਼ੀਵਾਦੀ ਗੁਣਾਂ ਦੀ ਜਾਂਚ ਸੂਚੀ ਨਾਲ ਚਿੰਬੜੀ ਹੋਈ ਹੈ। ਸਿੱਟਾ ਕੱਢਦੇ ਹੋਏ ਮਹਿਤਾ ਨੇ ਕਿਹਾ ਹੈ ਕਿ ਬੋਲਚਾਲ ਦੀ ਭਾਸ਼ਾ ਵਿੱਚ ਮੋਦੀ ਸਰਕਾਰ ਫਾਸ਼ੀਵਾਦ ਸਰਕਾਰ ਹੈ ਅਤੇ ਇਸ ਨੂੰ ਅਜਿਹੀ ਸਰਕਾਰ ਦਾ ਨਾਂਅ ਦੇਣ ਵਿੱਚ ਕੋਈ ਗਲਤੀ ਨਹੀਂ।

ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਇਹ ਨਿਆਂ-ਉਚਿਤ ਅਤੇ ਵਧਾ-ਚੜ੍ਹਾ ਕੇ ਕਹਿਣਾ ਹੀ ਹੋਵੇਗਾ ਕਿ ਮੋਦੀ ਸਰਕਾਰ ਦੀ ਤੁਲਨਾ ਇੰਦਰਾ ਗਾਂਧੀ ਦੀ ਐਮਰਜੈਂਸੀ ਨਾਲ ਹੋ ਸਕਦੀ ਹੈ। ਇਸ 'ਤੇ ਮਹਿਤਾ ਨੇ ਕਿਹਾ ਕਿ ਕਈ ਕਾਰਨਾਂ ਕਰ ਕੇ ਇਹ ਸਰਕਾਰ ਇੰਦਰਾ ਗਾਂਧੀ ਦੀ 1975-77 ਦੀ ਸਰਕਾਰ ਨਾਲੋਂ ਜ਼ਿਆਦਾ ਕਪਟੀ ਅਤੇ ਧੋਖਾ ਕਰਨ ਵਾਲੀ ਹੈ। ਉਨ੍ਹਾਂ ਕਿਹਾ ਕਿ ਜਦੋਂ ਤੁਸੀਂ ਦੋਵਾਂ ਸਰਕਾਰਾਂ ਦੇ ਵਤੀਰੇ ਦੇ ਪਿਛਲੇ ਇਰਾਦਿਆਂ ਨੂੰ ਦੇਖਦੇ ਹੋ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ। ਸੱਤਰ ਦੇ ਦਹਾਕੇ ਵਿੱਚ ਇੰਦਰਾ ਗਾਂਧੀ ਦਾ ਇਰਾਦਾ ਆਪਣੀ ਸਥਿਤੀ ਤੇ ਨਿੱਜੀ ਅਧਿਕਾਰ ਨੂੰ ਮਜ਼ਬੂਤ ਕਰਨ ਦਾ ਸੀ। ਅੱਜ ਮੋਦੀ ਦਾ ਇਰਾਦਾ ਆਪਣੇ ਬਹੁਗਿਣਤੀਵਾਦ ਅਤੇ ਸੱਤਾਵਾਦੀ ਏਜੰਟੇ ਨੂੰ ਅੱਗੇ ਵਧਾਉਣ ਦਾ ਹੈ। ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਹਿੰਦੂਤਵ ਦੇ ਏਜੰਡੇ ਨੂੰ ਵੀ ਅੱਗੇ ਵਧਦਾ ਦੇਖਣਾ ਚਾਹੁੰਦੇ ਹਨ।

'ਦਿ ਵਾਇਰ' ਦੇ ਲਈ 60 ਮਿੰਟਾਂ ਵਾਲੀ ਮੈਨੂੰ ਦਿੱਤੀ ਗਈ ਇੰਟਰਵਿਊ ਦੌਰਾਨ ਮਹਿਤਾ ਨੇ ਵਿਸਥਾਰ ਪੂਰਵਕ ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਦਾ ਵਰਨਣ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਇੱਕ ਅਜਿਹੇ ਸ਼ਾਸਕ ਦੀ ਹਕੂਮਤ ਦੇਖ ਰਿਹਾ ਹੈ, ਜੋ ਬਲ-ਪੂਰਵਕ ਆਪਣੀਆਂ ਗੱਲਾਂ ਥੋਪਣਾ ਚਾਹੁੰਦਾ ਹੈ। ਇਹ ਆਪਣੇ ਆਪ ਨੂੰ ਸਕਾਰਾਤਮਕ ਉਪਲਬਧੀਆਂ ਰਾਹੀਂ ਨਹੀਂ, ਸਗੋਂ ਆਪਣੇ ਦੁਸ਼ਮਣਾਂ ਨੂੰ ਨੀਵਾਂ ਦਿਖਾ ਕੇ ਨਿਆਂ ਸੰਗਤ ਠਹਿਰਾਉਣਾ ਚਾਹੁੰਦਾ ਹੈ। ਇਸ ਨਾਲ ਤਿੰਨ ਨਤੀਜੇ ਦਿਖਾਈ ਦਿੰਦੇ ਹਨ। ਪਹਿਲਾ ਇਹ ਕਿ ਸਰਕਾਰ ਦੀ ਰਣਨੀਤੀ ਲੋਕਾਂ ਨੂੰ ਵੰਡ ਕੇ ਸੱਤਾ ਵਿੱਚ ਰਹਿਣ ਦੀ ਹੈ। ਸਰਕਾਰ ਦੀ ਰਣਨੀਤੀ ਪੁਰਾਣੇ ਮੁੱਦਿਆਂ ਨੂੰ ਸੁਲਝਾਉਣ ਦੀ ਨਹੀਂ। ਇਹ ਸਰਕਾਰ ਤਾਂ ਨਵੇਂ ਨਵੇਂ ਵਿਰੋਧੀ ਲਿਆ ਕੇ ਲੋਕਾਂ ਦਾ ਧਿਆਨ ਭਟਕਾਉਣਾ ਚਾਹੁੰਦੀ ਹੈ ਅਤੇ ਇਸ ਉਮੀਦ ਵਿੱਚ ਹੈ ਕਿ ਅਸੀਂ ਵੰਡੇ ਰਹਾਂਗੇ। ਦੂਜਾ ਨਤੀਜਾ ਇਹ ਹੈ ਕਿ ਇਹ ਸਰਕਾਰ ਉਨ੍ਹਾਂ ਲੋਕਾਂ ਪ੍ਰਤੀ ਅਸਹਿਣਸ਼ੀਲ ਹੈ, ਜੋ ਇਸ ਦਾ ਵਿਰੋਧ ਕਰਦੇ ਹਨ ਜਾਂ ਫਿਰ ਇਸ ਪ੍ਰਤੀ ਅਸਹਿਮਤ ਹਨ। ਸਰਕਾਰ ਦੀ ਮਨਸ਼ਾ ਅਸਲੀਅਤ ਅਤੇ ਕਾਲਪਨਿਕ ਦੁਸ਼ਮਣਾਂ ਨੂੰ ਕਿਸੇ ਵੀ ਤਰੀਕੇ ਨਾਲ ਕੁਚਲਣ ਦੀ ਹੈ। ਸਰਕਾਰ ਕਿਸੇ ਦੇ ਪ੍ਰਤੀ ਵੀ ਹਿੰਸਾ ਨੂੰ ਉਤਸ਼ਾਹ ਦੇ ਰਹੀ ਹੈ, ਜੋ ਇਸ ਦੇ ਸੁਰ ਵਿੱਚ ਸੁਰ ਨਹੀਂ ਮਿਲਾ ਰਿਹਾ। ਅੰਤ ਵਿੱਚ ਤੀਜਾ ਨਤੀਜਾ ਇਹ ਹੈ ਕਿ ਦੇਸ਼ ਦੇ ਲੋਕਾਂ 'ਤੇ ਇਹ ਸਰਕਾਰ ਆਪਣਾ ਪ੍ਰਭਾਵ ਛੱਡਣਾ ਚਾਹੁੰਦੀ ਹੈ। ਇਹ ਸਾਡੀਆਂ ਇੱਛਾਵਾਂ, ਕਾਰਨਾਂ, ਭਾਵਨਾਵਾਂ ਨੂੰ ਮਿਟਾ ਦੇਣਾ ਚਾਹੁੰਦੀ ਹੈ, ਜੋ ਇਸ ਦੀ ਵਿਚਾਰਧਾਰਾ ਵਾਲੇ ਪ੍ਰੋਜੈਕਟ ਸਾਹਮਣੇ ਖੜ੍ਹੇ ਹੋਣਗੇ।

ਮਹਿਤਾ ਨੇ ਅੱਗੇ ਕਿਹਾ ਕਿ ਉਨ੍ਹਾਂ ਨੂੰ ਡਰ ਹੈ ਕਿ ਮੋਦੀ ਸਰਕਾਰ ਦਾ ਸਾਫ ਤੌਰ 'ਤੇ ਦਿਸਣ ਵਾਲਾ ਬਹੁਗਿਣਤੀਵਾਦ ਅਤੇ ਸੱਤਾਧਾਰੀ ਏਜੰਡਾ ਲੋਕਾਂ ਨੂੰ ਬਦਲ ਕੇ ਰੱਖ ਦੇਵੇਗਾ। ਮਹਿਤਾ ਨੂੰ ਇਹ ਯਕੀਨ ਨਹੀਂ ਕਿ ਆਉਣ ਵਾਲੀਆਂ ਭਵਿੱਖ ਦੀਆਂ ਕੁਝ ਸਰਕਾਰਾਂ ਲਈ ਇਹ ਨਿਸ਼ਚਿਤ ਹੋਵੇਗਾ ਕਿ ਉਹ ਭਾਰਤ ਦੀ ਪ੍ਰਕਿਰਿਆ ਨੂੰ ਫਿਰ ਤੋਂ ਬਦਲ ਸਕਣ, ਜਿਵੇਂ ਕਿ ਉਹ ਪਹਿਲਾਂ ਹੁੰਦੀ ਸੀ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਜੇ ਭਾਰਤ ਵਿੱਚ ਲਗਾਤਾਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਦੋ-ਤਿੰਨ ਸਾਲਾਂ ਬਾਅਦ ਇਸ ਦੇਸ਼ ਦੀਆਂ ਰਾਹਾਂ ਕਿਵੇਂ ਨਜ਼ਰ ਆਉਣਗੀਆਂ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਦੇਸ਼ ਫਿਰ ਤੋਂ 1970 ਵੱਲ ਪਰਤ ਰਿਹਾ ਹੈ। ਦੇਸ਼ ਉਹੀ ਵੰਡ, ਉਹੀ ਪ੍ਰਦਰਸ਼ਨ ਅਤੇ ਆਤਮ ਵਿਸ਼ਵਾਸ ਵਿੱਚ ਕਮੀ ਦੇਖ ਰਿਹਾ ਹੈ। ਉਨ੍ਹਾਂ ਨੇ ਅੱਗੇ ਕਿਹਾ ਕਿ ਦਹਾਕਿਆਂ ਬਾਅਦ ਉਹ ਦ੍ਰਿੜ੍ਹ ਨਿਸ਼ਚੇ ਦੇ ਨਾਲ ਨਹੀਂ ਕਹਿ ਸਕਦੇ ਕਿ ਸਾਡੀ ਪੀੜ੍ਹੀ ਦੀ ਤੁਲਨਾ ਵਿੱਚ ਮੌਜੂਦਾ ਨੌਜਵਾਨ ਪੀੜ੍ਹੀ ਬਿਹਤਰ ਜੀਵਨ ਜੀਵੇਗੀ। ਉਨ੍ਹਾਂ ਕਿਹਾ ਕਿ ਇਸ ਭਿਆਨਕ ਦੌਰ ਵਿੱਚ ਭਾਰਤ ਦੇ ਨੇਤਾ ਦੇਸ਼ ਦਾ ਅਕਸ ਡੇਗਣਾ ਚਾਹੁੰਦੇ ਹਨ ਜਾਂ ਉਹ ਪੇਚੀਦਗੀ ਵਿੱਚ ਹਨ ਕਿ ਦੇਸ਼ ਵਿੱਚ ਕੀ ਵਾਪਰ ਰਿਹਾ ਹੈ ਜਾਂ ਉਹ ਖੜ੍ਹੇ ਹੋਣ ਲਈ ਤਿਆਰ ਰਹਿਣ। ਇਹ ਸਭ ਮੂਰਖਤਾ ਭਰੀਆਂ ਗੱਲਾਂ ਹਨ। ਮਹਿਤਾ ਨੇ ਪਹਿਲੀ ਵਾਰ ਮੱਧਵਰਗ ਬਾਰੇ ਖੁੱਲ੍ਹੇ ਤੌਰ 'ਤੇ ਗੱਲ ਕੀਤੀ। ਇਸ ਦੇ ਨਾਲ ਵਿਸ਼ੇਸ਼ ਤੌਰ 'ਤੇ ਅਦਾਲਤਾਂ ਤੇ ਕਾਰੋਬਾਰੀ ਨੇਤਾਵਾਂ ਬਾਰੇ ਵੀ ਗੱਲ ਕੀਤੀ, ਜਿਨ੍ਹਾਂ ਦੀ ਚੁੱਪ ਸਰਕਾਰ ਦਾ ਹੌਸਲਾ ਵਧਾ ਰਹੀ ਹੈ। ਸੁਪਰੀਮ ਕੋਰਟ ਦੀ ਗੱਲ ਕਰਦੇ ਹੋਏ ਮਹਿਬਤਾ ਨੇ ਕਿਹਾ ਕਿ ਇਹ ਸੰਵਿਧਾਨਕ ਕਦਰਾਂ-ਕੀਮਤਾਂ ਅਤੇ ਸਿਧਾਂਤਾਂ, ਜਿਨ੍ਹਾਂ ਨੂੰ ਕਾਇਮ ਕਰਨ ਲਈ ਇਹ ਪ੍ਰਤੀਬੱਧ ਸੀ, ਮੁਕੰਮਲ ਤੌਰ 'ਤੇ ਫੇਲ੍ਹ ਹੋ ਚੁੱਕੀ ਹੈ।

ਧਾਰਾ 370 ਨੂੰ ਹਟਾਉਣ ਅਤੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰੀ ਸ਼ਾਸਿਤ ਪ੍ਰਦੇਸ਼ਾਂ 'ਚ ਵੰਡਣ 'ਤੇ ਕੀਤੇ ਗਏ ਸਵਾਲਾਂ ਦੇ ਜਵਾਬ ਦਿੰਦੇ ਹੋਏ ਮਹਿਤਾ ਨੇ ਕਿਹਾ ਕਿ ਸਭ ਕੁਝ ਕਸ਼ਮੀਰੀ ਲੋਕਾਂ ਦੇ ਮੌਲਿਕ ਅਧਿਕਾਰਾਂ, ਜਾਣਬੁੱਝ ਕੇ ਲੋਕਤੰਤਰ ਦੀ ਅਣਦੇਖੀ ਅਤੇ ਇਸ ਨੂੰ ਨਾਮਨਜ਼ੂਰ ਕਰਨ ਦੇ ਲੰਮੇ ਇਤਿਹਾਸ ਤੋਂ ਬਾਅਦ ਵਾਪਰਿਆ ਹੈ।

ਸੀ ਏ ਏ ਅਤੇ ਐਨ ਆਰ ਸੀ ਉਤੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਸਰਕਾਰ ਉਸ ਸਮੇਂ ਸਾਡੀਆਂ ਅੱਖਾਂ ਵਿੱਚ ਧੂੜ ਪਾਉਂਦੀ ਹੈ, ਜਦੋਂ ਕਹਿੰਦੀ ਹੈ ਕਿ ਇਹ ਕਾਨੂੰਨ ਮੁਸਲਮਾਨਾਂ 'ਤੇ ਨਿਸ਼ਾਨਾ ਨਹੀਂ ਸਾਧੇਗਾ ਅਤੇ ਨਾ ਉਨ੍ਹਾਂ ਦੀ ਨਾਗਰਿਕਤਾ 'ਤੇ ਕੋਈ ਖਤਰਾ ਹੈ। ਹਿਰਾਸਤ ਕੇਂਦਰਾਂ ਨੂੰ ਸਥਾਪਤ ਕਰਨਾ ਇਹ ਦਰਸਾਉਂਦਾ ਹੈ ਕਿ ਸਰਕਾਰ ਇਹ ਜਾਣਦੀ ਹੈ ਕਿ ਇਹ ਪ੍ਰਕਿਰਿਆ ਹਜ਼ਾਰਾਂ ਲੋਕਾਂ ਨੂੰ ਨਾਗਰਿਕਤਾ ਲਈ ਲਾਈਨ ਵਿੱਚ ਲਾ ਦੇਵੇਗੀ। ਦੇਸ਼ ਵਿਆਪੀ ਪ੍ਰਦਰਸ਼ਨਾਂ ਬਾਰੇ ਉਨ੍ਹਾਂ ਕਿਹਾ ਕਿ ਸ਼ਾਹੀਨ ਬਾਗ ਵਰਗੇ ਪ੍ਰਦਰਸ਼ਨ ਮੋਦੀ ਦੀ ਸਰਵਨਾਸ਼ਕ ਦ੍ਰਿਸ਼ਟੀ ਲਈ ਸਪੱਸ਼ਟ ਚੁਣੌਤੀ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਚੰਗੀ ਗੱਲ ਹੈ ਕਿ ਪ੍ਰਦਰਸ਼ਨਕਾਰੀ ਸਰਕਾਰ ਨੂੰ ਚੁਣੌਤੀ ਦੇਣ ਤੇ ਉਸ ਨਾਲ ਭਿੜਨ ਲਈ ਸੰਵਿਧਾਨ, ਰਾਸ਼ਟਰੀ ਝੰਡੇ ਅਤੇ ਡਾਕਟਰ ਬੀ ਆਰ ਅੰਬੇਦਕਰ ਦੀ ਵਰਤੋਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਸਾਰੇ ਪ੍ਰਦਰਸ਼ਨ ਬੇਜਾਨ ਨਹੀਂ ਹੋਣਗੇ। ਉਨ੍ਹਾਂ ਨੂੰ ਇਹ ਵੀ ਯਕੀਨ ਨਹੀਂ ਕਿ ਇਹ ਸਰਕਾਰ ਦੀ ਦਿਸ਼ਾ ਨੂੰ ਬਦਲ ਦੇਣਗੇ। ਪ੍ਰਦਰਸ਼ਨਾਂ ਨੂੰ ਆਪੋਜ਼ੀਸ਼ਨ ਦੀ ਚੋਣ ਰਣਨੀਤੀ ਨਾਲ ਮਿਲਾਉਣ ਦੀ ਲੋੜ ਹੈ, ਪਰ ਅਜਿਹਾ ਹੁੰਦਾ ਦਿਖਾਈ ਨਹੀਂ ਦਿੰਦਾ। ਮਹਿਤਾ ਨੇ ਕਿਹਾ ਕਿ ਭਾਰਤ ਦੀਆਂ ਮੁੱਖ ਵਿਰੋਧੀ ਪਾਰਟੀਆਂ, ਵਿਸ਼ੇਸ਼ ਤੌਰ 'ਤੇ ਕਾਂਗਰਸ ਇਨ੍ਹਾਂ ਪਲਾਂ ਨੂੰ ਗੁਆ ਰਹੀ ਹੈ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਕਦੇ ਰਾਹੁਲ ਗਾਂਧੀ ਪ੍ਰਧਾਨ ਮੰਤਰੀ ਬਣਨਗੇ ਤਾਂ ਉਨ੍ਹਾਂ ਕਿਹਾ ਕਿ ਹਾਲਾਤ ਉਨ੍ਹਾਂ ਨੂੰ ਬਣਾ ਸਕਦੇ ਹਨ ਅਤੇ ਅੱਜ ਤੋਂ ਇਹ ਭਵਿੱਖਬਾਣੀ ਕਰਨਾ ਠੀਕ ਨਹੀਂ ਹੈ। ਕਿਸ ਨੇ ਅਨੁਮਾਨ ਲਾਇਆ ਸੀ ਕਿ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਬਣਨਗੇ? ਚਾਰ ਸੌ ਸੀਟਾਂ ਜਿੱਤਣ ਤੋਂ ਬਾਅਦ ਵੀ ਉਹ ਤੇਜ਼ੀ ਨਾਲ ਢਹਿ ਗਏ ਤੇ ਉਨ੍ਹਾਂ ਦੇ ਕਾਰਜਕਾਲ ਦਾ ਅੰਤ ਬੁਰੀ ਤਰ੍ਹਾਂ ਹੋਇਆ। ਆਰਥਿਕ ਹਾਲਾਤ ਬਾਰੇ ਮਹਿਤਾ ਨੇ ਕਿਹਾ ਕਿ ਉਹ ਸਰਕਾਰੀ ਦਾਅਵੇ ਮੰਨਣ ਲਈ ਤਿਆਰ ਨਹੀਂ, ਜਿਸ ਵਿੱਚ ਉਹ ਕਹਿੰਦੀ ਹੈ ਕਿ ਇਹ ਸਭ ਚੱਕਰੀ ਹੈ ਕਿਉਂਕਿ ਚੱਕਰ ਕੁਝ ਲੰਮਾ ਚੱਲ ਗਿਆ ਹੈ।

ਚਾਰ ਸਾਲ ਪਹਿਲਾਂ ਇਹ ਕਿਆਸ ਲਾਏ ਜਾ ਰਹੇ ਸਨ ਕਿ 21ਵੀਂ ਸਦੀ ਦੀ ਆਸ਼ਾਵਾਦ ਦੇ ਨਾਲ ਵਿਸ਼ੇਸ਼ਤਾ ਦੱਸੀ ਜਾ ਰਹੀ ਸੀ। ਇਹ ਮੰਨਿਆ ਜਾ ਰਿਹਾ ਸੀ ਕਿ ਭਾਰਤ ਸਹੀ ਦਿਸ਼ਾ ਵਿੱਚ ਜਾ ਰਿਹਾ ਹੈ, ਪਰ ਪਿਛਲੇ ਚਾਰ ਸਾਲਾਂ ਤੋਂ ਸਭ ਕੁਝ ਪਲਟ ਕੇ ਰੱਖ ਦਿੱਤਾ। ਪਹਿਲਾਂ ਤਾਂ ਦੇਸ਼ ਨੂੰ ਛੇ ਤੋਂ ਅੱਠ ਫੀਸਦੀ ਦੇ ਵਿਚਾਲੇ ਦੀ ਵਿਕਾਸ ਦਰ ਦੀ ਆਸ ਲਾਈ ਬੈਠਾ ਸੀ, ਪਰ ਅਸੀਂ ਕਿਸਮਤ ਵਾਲੇ ਹੋਵਾਂਗੇ, ਜੇ ਇਹ ਵਿਕਾਸ ਦਰ ਤਿੰਨ ਤੋਂ ਪੰਜ ਫੀਸਦੀ ਦੇ ਵਿਚਾਲੇ ਵੀ ਹੋ ਜਾਵੇ। ਸਰਕਾਰ ਆਰਥਿਕ ਸੰਕਟ ਬਾਰੇ ਚਿੰਤਤ ਦਿਖਾਈ ਨਹੀਂ ਦਿੰਦੀ। ਇਹ ਮੁੱਦਾ ਉਸ ਦੀ ਤਰਜੀਹ ਵਿੱਚ ਸ਼ਾਮਲ ਨਹੀਂ। ਸਰਕਾਰ ਦਾ ਫੋਕਸ ਤਾਂ ਬੱਸ ਸਿਆਸੀ ਏਜੰਡੇ, ਜਿਵੇਂ ਬਹੁਗਿਣਤੀਵਾਦ, ਸੱਤਾਵਾਦ ਅਤੇ ਹਿੰਦੂਵਾਦ 'ਤੇ ਹੈ।

# ਦੇਸ਼ ਵਿੱਚ ਔਰਤਾਂ 'ਤੇ ਜ਼ੁਲਮੋ-ਸਿਤਮ ਬਹੁਤ ਵੱਧ ਗਿਆ ਹੈ

-ਲਕਸ਼ਮੀ ਕਾਂਤਾ ਚਾਵਲਾ-



ਗਣਤੰਤਰ ਦਿਵਸ ਮੌਕੇ ਪਰੇਡ ਵਿੱਚ ਸਿਗਨਲ ਕੋਰ ਦੀ ਅਗਵਾਈ ਪੰਜਾਬ ਦੀ ਮੁਟਿਆਰ ਤਾਨੀਆ ਸ਼ੇਰਗਿੱਲ ਨੇ ਕੀਤੀ। ਇਸ ਕਾਰਨ ਸਾਰੇ ਪੰਜਾਬੀਆਂ ਦਾ ਸਿਖਰ ਫਖਰ ਨਾਲ ਉੱਚਾ ਹੋ ਗਿਆ। ਪਰੇਡ ਵਿੱਚ ਸੀ ਆਰ ਪੀ ਐੱਫ ਦੀਆਂ ਮੁਲਾਜ਼ਮਾਂ ਨੇ ਜੋ ਕਾਰਨਾਮੇ ਮੋਟਰ ਸਾਈਕਲਾਂ 'ਤੇ ਦਿਖਾਏ, ਉਹ ਦੇਖ ਕੇ ਹਰ ਕੋਈ ਦੰਗ ਰਹਿ ਗਿਆ। ਇਨ੍ਹਾਂ ਮੁਟਿਆਰਾਂ ਦੀ ਜਾਂਬਾਜ਼ੀ ਉਨ੍ਹਾਂ ਸਾਰਿਆਂ ਲਈ ਸਬਕ ਹੈ, ਜੋ ਅੱਜ ਵੀ ਬੇਟੀਆਂ ਨੂੰ ਪਰਦੇ ਵਿੱਚ ਰੱਖਦੇ ਹਨ। ਉਨ੍ਹਾਂ ਨਾਲ ਪੱਖਪਾਤ ਕਰਦੇ ਹਨ। ਕੁੜੀਆਂ ਦੇ ਬਾਲ ਵਿਆਹ ਕਰ ਦਿੱਤੇ ਜਾਂਦੇ ਹਨ ਅਤੇ ਨਵਜਾਤ ਬੱਚੀਆਂ ਨੂੰ ਰੇਲ ਟਰੈਕ, ਝਾੜੀਆਂ ਜਾਂ ਸੜਕ ਕਿਨਾਰੇ ਕੂੜੇ ਦੇ ਢੇਰ 'ਤੇ ਮਰਨ ਲਈ ਛੱਡ ਦਿੰਦੇ ਹਨ। ਕੁਝ ਲੋਕ ਅਜਿਹੇ ਵੀ ਹਨ ਜੋ ਅੱਜ ਦੇ ਯੁੱਗ ਵਿੱਚ ਵੀ ਜਨਮ ਤੋਂ ਪਹਿਲਾਂ ਹੀ ਲੜਕੀਆਂ ਨੂੰ ਮਾਰਨ ਵਿੱਚ ਆਪਣਾ ਭਲਾ ਸਮਝਦੇ ਹਨ। ਬਹੁਤ ਦੂਰੀ ਤੈਅ ਕਰਨੀ ਹੈ ਅਜੇ ਦੇਸ਼ ਦੀਆਂ ਉਨ੍ਹਾਂ ਬੇਟੀਆਂ ਨੇ ਜਿਨ੍ਹਾਂ ਨੂੰ ਕਦੇ ਪਿਤਾ, ਕਦੇ ਭਰਾ ਤੇ ਕਦੇ ਸਹੁਰਾ ਪਰਵਾਰ ਸਿਖਿਆ ਹਾਸਲ ਕਰ ਕੇ ਜੀਵਨ ਵਿੱਚ ਬੁਲੰਦੀਆਂ ਛੂਹਣ ਤੋਂ ਰੋਕ ਦਿੰਦਾ ਹੈ। ਮੈਨੂੰ ਲੱਗਦਾ ਹੈ ਕਿ ਕਿੰਨੀ ਵੀ ਕਠਿਨਾਈ ਹੋਵੇ, ਆਰਥਿਕ ਜਾਂ ਸਮਾਜਕ, ਕੋਈ ਵੀ ਇਸਤਰੀ ਜਾਂ ਪੁਰਸ਼ ਜਦ ਠਾਣ ਲੈਣ ਕਿ ਜੀਵਨ ਵਿੱਚ ਕੁਝ ਖਾਸ ਕਰਨਾ ਹੈ ਤਾਂ ਕੋਈ ਉਨ੍ਹਾਂ ਨੂੰ ਰੋਕ ਨਹੀਂ ਸਕਦਾ। ਮਹਾਰਾਣੀ ਝਾਂਸੀ ਤੋਂ ਹੀ ਸਬਕ ਲਿਆ ਜਾ ਸਕਦਾ ਹੈ। ਕਿੰਨੀਆਂ ਮੁਸ਼ਕਲਾਂ ਉਸ ਦੇ ਰਾਹ ਵਿੱਚ ਆਈਆਂ ਸਨ, ਪਰ ਉਹ ਮੁਸ਼ਕਲਾਂ ਨੂੰ ਭਾਂਜ ਦਿੰਦੀ ਹੋਈ ਭਾਰਤ ਦੀਆਂ ਮਹਿਲਾਵਾਂ ਤੇ ਸੈਨਿਕਾਂ ਦਾ ਆਦਰਸ਼ ਬਣੀ। ਸੰਤਾਂ ਵਿੱਚ ਮੀਰਾਬਾਈ ਨੂੰ ਦੇਖ ਲਓ। ਪਰਵਾਰ ਨੇ ਕਦੇ ਜ਼ਹਿਰ ਪਿਲਾਇਆ, ਕਦੇ ਜ਼ਹਿਰੀਲਾ ਨਾਗ ਡੰਗ ਮਾਰਨ ਲਈ ਭੇਜ ਦਿੱਤਾ ਅਤੇ ਘਰ ਵਿੱਚ ਹੀ ਸਤਾਇਆ, ਪਰ ਉਸ ਦੇ ਅੰਦਰ ਜੋ ਜੋਤੀ ਜਗੀ ਹੋਈ ਸੀ, ਉਹ ਜਵਾਲਾਮੁਖੀ ਤੋਂ ਘੱਟ ਨਹੀਂ ਸੀ। ਮਹਾਨ ਕਵਿੱਤਰੀ ਮਹਾਦੇਵੀ ਵਰਮਾ ਵੀ ਕਈ ਅੜਿੱਕਿਆਂ ਨੂੰ ਪਾਰ ਕਰ ਕੇ ਹੀ ਰਾਸ਼ਟਰੀ ਸ਼ਖਸੀਅਤ ਬਣ ਸਕੀ ਸੀ।

ਮੌਜੂਦਾ ਹਾਲਾਤ ਵਿੱਚ ਕਹਿ ਸਕਦੇ ਹਾਂ ਕਿ ਔਰਤਾਂ 'ਤੇ ਜ਼ੁਲਮੋ-ਸਿਤਮ ਬੜਾ ਵੱਧ ਗਿਆ ਹੈ। ਸਵਾਲ ਇਹ ਉਠਦਾ ਹੈ ਕਿ ਅੱਜ ਵੀ ਭਾਰਤ 'ਚ ਸਰਕਾਰਾਂ ਦੇ ਨੱਕ ਹੇਠ ਜਾਂ ਕਹਿ ਲਓ ਕਿ ਅੱਖਾਂ ਸਾਹਮਣੇ ਕਿਉਂ ਲੱਖਾਂ ਮੁਟਿਆਰਾਂ ਜਿਸਮ ਫਰੋਸ਼ੀ ਦੇ ਧੰਦੇ ਵਿੱਚ ਧੱਕੀਆਂ ਜਾ ਰਹੀਆਂ ਹਨ। ਔਰਤਾਂ ਕਿਉਂ ਬੁਰਕੇ 'ਤੇ ਘੁੰਡ ਨੂੰ ਮਜਬੂਰ ਹਨ? ਅਕਸਰ ਬਲਾਤਕਾਰ ਦੀਆਂ ਖਬਰਾਂ ਆਉਂਦੀਆਂ ਹਨ। ਜੋ ਸਰਕਾਰਾਂ ਇਹ ਸਮਝਦੀਆਂ ਹਨ ਕਿ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਦੇਣ ਨਾਲ ਮਹਿਲਾਵਾਂ ਸੁਰੱਖਿਅਤ ਹੋ ਜਾਣਗੀਆਂ, ਉਹ ਭੁਲੇਖੇ ਵਿੱਚ ਹਨ। ਮੌਤ ਦੀ ਸਜ਼ਾ ਜੇ ਕੋਈ ਹੱਲ ਹੁੰਦੀ ਤਾਂ ਅੱਜ ਸਾਰੀ ਦੁਨੀਆ ਵਿਚ ਕਿਤੇ ਵੀ ਕਿਸੇ ਦੀ ਹੱਤਿਆ ਨਾ ਹੋ ਰਹੀ ਹੁੰਦੀ। ਕੋਈ ਬਲਾਤਕਾਰ ਨਾ ਹੋ ਰਿਹਾ ਹੁੰਦਾ। ਜ਼ਰੂਰਤ ਹੈ ਬੱਚਿਆਂ ਨੂੰ ਸੰਸਕਾਰੀ ਬਣਾਉਣ ਦੀ। ਸਾਡੇ ਪੂਰਵਜ ਜਾਣਦੇ ਸਨ ਕਿ ਚੰਗੇ ਸੰਸਕਾਰਾਂ ਵਾਲੇ ਨੌਜਵਾਨ-ਮੁਟਿਆਰਾਂ ਹੀ ਦੇਸ਼ ਅਤੇ ਪਰਵਾਰ ਨੂੰ ਸੁਚੱਜਾ ਬਣਾ ਸਕਦੇ ਹਨ। ਇਸਲੀ ਸਾਰੀ ਤਾਕਤ ਨੌਜਵਾਨ ਵਰਗ ਨੂੰ ਚੰਗੀ ਸਿਖਿਆ ਦੇਣ 'ਤੇ ਲਗਾਈ ਜਾਂਦੀ ਸੀ।

ਅੱਜਕੱਲ੍ਹ ਇੱਕ ਦੋਸ਼ ਇਹ ਲਾਇਆ ਜਾਂਦਾ ਹੈ ਕਿ ਵਿਆਹ ਦਾ ਝਾਂਸਾ ਦੇ ਕੇ ਕੋਈ ਨੌਜਵਾਨ ਕਿਸੇ ਮੁਟਿਆਰ ਨੂੰ ਲੈ ਗਿਆ ਅਤੇ ਜਬਰ ਜਨਾਹ ਕਰਦਾ ਰਿਹਾ, ਪਰ ਸਮਝਣਾ ਉਨ੍ਹਾਂ ਲੜਕੀਆਂ ਨੂੰ ਵੀ ਪਵੇਗਾ ਜਿਨ੍ਹਾਂ ਦੀ ਇਹ ਸ਼ਿਕਾਇਤ ਹੁੰਦੀ ਹੈ। ਸਾਡੇ ਦੇਸ਼ ਵਿੱਚ ਕੁਝ ਕਾਨੂੰਨ ਅਜਿਹੇ ਬਣ ਗਏ ਹਨ, ਜੋ ਸਿਹਤਮੰਦ ਸਮਾਜ ਤੇ ਪਰਵਾਰ ਲਈ ਕਿਸੇ ਵੀ ਤਰ੍ਹਾਂ ਸਹੀ ਨਹੀਂ ਹਨ। ਲਿਵ ਇਨ ਰਿਲੇਸ਼ਨਸ਼ਿਪ ਦੇ ਨਾਂਅ 'ਤੇ ਨਵੀਂ ਪੀੜ੍ਹੀ ਨੂੰ ਸਾਰੀਆਂ ਸਮਾਜਕ, ਪਰਵਾਰਕ ਮਾਨਤਾਵਾਂ ਠੁਕਰਾਉਣ ਦੀ ਆਗਿਆ ਦਿੱਤੀ ਗਈ ਹੈ। ਇਨ੍ਹਾਂ ਰਿਸ਼ਤਿਆਂ ਦਾ ਅੰਤ ਕਿੰਨਾ ਭਿਆਨਕ ਹੈ, ਇਹ ਨਾ ਨਿਆਂ ਪਾਲਿਕਾ ਨੇ ਸਮਝਿਆ, ਨਾ ਸਰਕਾਰਾਂ ਨੇ। ਅਜਿਹੇ ਰਿਸ਼ਤਿਆਂ ਨਾਲ ਪਰਵਾਰ ਵੀ ਉਜੜਦੇ ਹਨ ਤੇ ਕਈ ਵਾਰ ਅਜਿਹੇ ਜੋੜਿਆਂ ਨੂੰ ਖੁਦਕੁਸ਼ੀ ਵੀ ਕਰਨੀ ਪੈਂਦੀ ਹੈ। ਕਾਰਨ ਜੋ ਵੀ ਹੋਣ, ਪ੍ਰਦੂਸ਼ਿਤ ਅਤੇ ਪੀੜਤ ਸਮਾਜ ਤੇ ਪਰਵਾਰ ਹੀ ਹੁੰਦੇ ਹਨ। ਮਸਾਜ ਸੈਂਟਰਾਂ ਦੇ ਨਾਂਅ 'ਤੇ ਵੇਸਵਾਗਮਨੀ ਦਾ ਧੰਦਾ ਚੱਲਣ ਦੀਆਂ ਖਬਰਾਂ ਅਕਸਰ ਪੜ੍ਹਨ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ। ਬੀਤੇ ਦਿਨੀਂ ਅੰਮ੍ਰਿਤਸਰ ਦੇ ਇੱਕ ਮਸਾਜ ਸੈਂਟਰ 'ਤੇ ਪੁਲਸ ਨੇ ਛਾਪਾ ਮਾਰ ਕੇ ਲਗਭਗ ਇੱਕ ਦਰਜਨ ਲੜਕੀਆਂ ਨੂੰ ਫੜਿਆ ਸੀ। ਖਬਰ ਇਹ ਵੀ ਹੈ ਕਿ ਇਸ ਧੰਦੇ ਲਈ ਵਿਦੇਸ਼ਾਂ ਤੋਂ ਟੂਰਿਸਟ ਵੀਜ਼ੇ 'ਤੇ ਲੜਕੀਆਂ ਵੀ ਲਿਆਂਦੀਆਂ ਗਈਆਂ ਸਨ। ਸਵਾਲ ਹਿ ਹੈ ਕਿ ਸਮਾਜ ਤੇ ਕਾਨੂੰਨ ਪਰਦੇ ਪਿੱਛੇ ਲੁਕੇ ਇਸ ਅਪਰਾਧ ਦੀ ਦੇਖ ਕੇ ਅਣਦੇਖੀ ਕਿਉਂ ਕਰ ਦਿੰਦਾ ਹੈ। ਸਵਾਲ ਉਸ ਪੁਰਸ਼ ਮਾਨਸਿਕਤਾ 'ਤੇ ਹੈ, ਜੋ ਇਸ ਲਈ ਜ਼ਿੰਮੇਵਾਰ ਹੈ। ਪਾਕਿਸਤਾਨ ਵਿੱਚ ਘੱਟ ਗਿਣਤੀ ਭਾਈਚਾਰੇ ਦੀਆਂ ਲੜਕੀਆਂ ਨੂੰ ਅਗਵਾ ਕਰਨਾ, ਉਨ੍ਹਾਂ ਦਾ ਜਬਰੀ ਧਰਮ ਪਰਿਵਰਤਨ, ਵਿਆਹ ਤੇ ਅਨੇਕਾਂ ਹੋਰ ਤਸ਼ੱਦਦ ਦੀਆਂ ਖਬਰਾਂ ਮਿਲਦੀਆਂ ਹਨ। ਇਸ ਦਾ ਸਿੱਧਾ ਅਰਥ ਹੈ ਕਿ ਬੇਟੀਆਂ ਨੂੰ ਅਪਮਾਨਿਤ ਕਰਨ ਵਿੱਚ ਇਹ ਦੁਸ਼ਟ ਪੁਰਸ਼ ਮਾਨਸਿਕਤਾ ਵੱਧ ਜ਼ਾਲਮ ਹੋ ਜਾਂਦੀ ਹੈ। ਮੇਰਾ ਇਹ ਮੰਨਣਾ ਹੈ ਕਿ ਭਾਰਤੀ ਸਮਾਜ ਖਾਸ ਤੌਰ 'ਤੇ ਸਾਰੀ ਦੁਨੀਆ ਨੂੰ ਅਤਿ ਆਧੁਨਿਕਤਾ ਦੇ ਨਾਂਅ 'ਤੇ ਔਰਤਾਂ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਬਦਲਣਾ ਹੀ ਹੋਵੇਗਾ। ਇੱਕ ਵਰਗ ਉਹ ਵੀ ਹੈ ਜੋ ਡਾਂਸ ਬਾਰ ਵਿੱਚ ਸ਼ਰਾਬ ਪੀਣ ਦੇ ਨਾਲ ਨਾਲ ਲੜਕੀਆਂ ਦੇ ਠੁਮਕੇ ਦੇਖ ਕੇ ਨੋਟ ਵਾਰਦਾ ਰਹਿੰਦਾ ਹੈ ਅਤੇ ਬੇਹੱਦ ਅਸ਼ਲੀਲ ਭਾਵ ਪ੍ਰਗਟਾਉਂਦਾ ਹੈ।

ਕਾਫੀ ਇਸ਼ਤਿਹਾਰਾਂ ਵਿੱਚ ਵੀ ਲੜਕੀਆਂ ਨੂੰ ਇੱਕ ਵਸਤੂ ਵਜੋਂ ਪੇਸ਼ ਕੀਤਾ ਜਾਂਦਾ ਹੈ। ਫੈਸ਼ਨ ਮੇਲਿਆਂ ਦੇ ਨਾਂਅ 'ਤੇ ਸਮੁੱਚੇ ਵਿਸ਼ਵ ਵਿੱਚੋਂ ਹੁਸੀਨ ਮੁਟਿਆਰਾਂ ਦੀ ਜੋ ਚੋਣ ਕੀਤੀ ਜਾਂਦੀ ਹੈ, ਉਸ ਵਿੱਚ ਵੀ ਜਿਸਮ ਦੀ ਭੱਦੀ ਨੁਮਾਇਸ਼ ਕੀਤੀ ਜਾਂਦੀ ਹੈ। ਦੇਸ਼ ਵਿੱਚ ਕਿੰਨੇ ਹੀ ਅਖਬਾਰਾਂ, ਰਸਾਲੇ ਤੇ ਟੀ ਵੀ ਚੈਨਲ ਹਨ ਜਿਨ੍ਹਾਂ ਦਾ ਦਾਲ ਫੁਲਕਾ ਅਸ਼ਲੀਲਤਾ ਤੋਂ ਬਿਨਾਂ ਨਹੀਂ ਚੱਲਦਾ। ਸ਼ਿਕਾਇਤ ਉਨ੍ਹਾਂ ਲੜਕੀਆਂ ਤੋਂ ਵੀ ਹੈ, ਜੋ ਧਨ ਕਮਾਉਣ ਲਈ ਜਿਸਮ ਵੇਚਣ ਦਾ ਕੰਮ ਕਰਦੀਆਂ ਹਨ, ਪਰ ਉਨ੍ਹਾਂ ਲੋਕਾਂ ਨੂੰ ਕੀ ਕਿਹਾ ਜਾਵੇ, ਜੋ ਆਪਣੀ ਧਨ ਦੌਲਤ ਇਨ੍ਹਾਂ 'ਤੇ ਲੁਟਾਉਣ ਨੂੰ ਤਿਆਰ ਰਹਿੰਦੇ ਹਨ। ਦੇਸ਼ 'ਚ ਇੱਕ ਕਾਨੂੰਨ ਹੈ ਕਿ ਔਰਤਾਂ ਦਾ ਅਸ਼ਲੀਲ ਚਿਤਰਨ ਕੀਤਾ ਜਾਵੇ ਤਾਂ ਇਹ ਅਪਰਾਧ ਦੀ ਸ਼੍ਰੇਣੀ ਵਿੱਚ ਆਉਂਦਾ ਹੈ। ਕੀ ਸਰਕਾਰਾਂ ਜਵਾਬ ਦੇ ਸਕਦੀਆਂ ਹਨ ਕਿ ਉਨ੍ਹਾਂ ਨੇ ਮਾੜੀ ਮਾਨਸਿਕਤਾ ਵਾਲੇ ਮਰਦਾਂ 'ਤੇ ਕੀ ਸ਼ਿਕੰਜਾ ਕੱਸਿਆ ਹੈ? ਸਮਾਜ, ਸਰਕਾਰਾਂ ਅਤੇ ਖੁਦ ਔਰਤਾਂ ਨੂੰ ਇਸ ਤ੍ਰਾਸਦੀ ਵਾਲੀ ਅਤੇ ਅਪਮਾ ਨਜਨਕ ਸਥਿਤੀ ਸਮਾਪਤ ਕਰਨ ਲਈ ਅੱਗੇ ਆਉਣਾ ਹੋਵੇਗਾ।

# ਪੀਣ ਵਾਲੇ ਪਾਣੀ ਦੇ ਸੰਕਟ ਲਈ ਅਸੀਂ ਸਭ ਜ਼ਿੰਮੇਵਾਰ

-ਵਿਨੀਤ ਨਾਰਾਇਣ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੇ ਪੀਣ ਵਾਲੇ ਪਾਣੀ ਦੇ ਸੰਕਟ ਦੀ ਗੰਭੀਰਤਾ ਸਮਝਦਿਆਂ ਇਸ ਲਈ ਪਿਛਲੇ ਸਾਲ ਜਲ ਸ਼ਕਤੀ ਅਭਿਆਨ ਸ਼ੁਰੂ ਕੀਤਾ। ਇਸ ਦੇ ਲਈ ਕਾਫੀ ਮੋਟੀ ਰਕਮ ਅਲਾਟ ਕੀਤੀ ਅਤੇ ਆਪਣੇ ਅਤਿ-ਵਿਸ਼ਵਾਸ ਪਾਤਰ ਅਧਿਕਾਰੀਆਂ ਨੂੰ ਇਸ ਮੁਹਿੰਮ 'ਤੇ ਲਾਇਆ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਪਾਣੀ ਦੇ ਸੰਕਟ ਵਰਗੀ ਗੰਭੀਰ ਸਮੱਸਿਆ ਨੂੰ ਦੂਰ ਕਰਨ ਲਈ ਅਸੀਂ ਖੁਦ ਕਿੰਨੇ ਕਾਹਲੇ ਹਾਂ।

ਚੌਗਿਰਦੇ ਦੇ ਨਾਸ਼ ਦਾ ਸਭ ਤੋਂ ਜ਼ਿਆਦਾ ਅਸਰ ਪਾਣੀ ਦੀ ਸਪਲਾਈ 'ਤੇ ਪੈਂਦਾ ਹੈ, ਜਿਸ ਦੇ ਕਾਰਨ ਹੀ ਪੀਣ ਵਾਲੇ ਪਾਣੀ ਦਾ ਸੰਕਟ ਡੂੰਘਾ ਹੁੰਦਾ ਜਾਂਦਾ ਹੈ। ਪਿਛਲੇ ਦੋ ਦਹਾਕਿਆਂ ਵਿੱਚ ਭਾਰਤ ਸਰਕਾਰ ਨੇ ਤਿੰਨ ਵਾਰ ਇਹ ਟੀਚਾ ਮਿਥਿਆ ਸੀ ਕਿ ਹਰ ਘਰ ਨੂੰ ਪੀਣ ਵਾਲਾ ਪਾਣੀ ਮਿਲੇਗਾ। ਤਿੰਨੇ ਵਾਰ ਇਹ ਟੀਚਾ ਪੂਰਾ ਨਾ ਹੋ ਸਕਿਆ। ਇੰਨਾ ਹੀ ਨਹੀਂ, ਜਿਹੜੇ ਪਿੰਡਾਂ ਨੂੰ ਪਹਿਲਾਂ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਮਾਮਲੇ ਵਿੱਚ ਆਤਮ ਨਿਰਭਰ ਮੰਨਿਆ ਗਿਆ ਸੀ, ਉਨ੍ਹਾਂ 'ਚੋਂ ਵੀ ਕਾਫੀ ਵੱਡੀ ਤਦਾਦ ਵਿੱਚ ਪਿੰਡ ਖਿਸਕ ਕੇ 'ਪੀਣ ਵਾਲੇ ਪਾਣੀ ਦੇ ਸੰਕਟ' ਵਾਲੀ ਸ਼੍ਰੇਣੀ ਵਿੱਚ ਆ ਗਏ।

ਸਰਕਾਰ ਨੇ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਕਰਨ ਲਈ 'ਰਾਸ਼ਟਰੀ ਗ੍ਰਾਮੀਣ ਪੇਅਜਲ ਯੋਜਨਾ' ਸ਼ੁਰੂ ਕੀਤੀ ਸੀ, ਜੋ ਕਈ ਰਾਜਾਂ ਵਿੱਚ ਸਿਰਫ ਕਾਗਜ਼ਾਂ ਵਿੱਚ ਸੀਮਿਤ ਰਹੀ। ਇਸ ਯੋਜਨਾ ਦੇ ਤਹਿਤ ਸੂਬਿਆਂ ਦੇ ਜਨ ਸਿਹਤ ਇੰਜੀਨੀਅਰਿੰਗ ਵਿਭਾਗ ਜ਼ਿੰਮੇਵਾਰ ਸਨ ਕਿ ਉਹ ਹਰ ਪਿੰਡ ਵਿੱਚ ਜਲ ਸਪਲਾਈ ਦੀ ਵਿਵਸਥਾ ਯਕੀਨੀ ਬਣਾਉਣ ਲਈ ਸਥਾਨਕ ਲੋਕਾਂ ਨੂੰ ਪ੍ਰੇਰਿਤ ਕਰਨ। ਉਨ੍ਹਾਂ ਦੀ ਕਮੇਟੀ ਗਠਿਤ ਕਰਨ ਤੇ ਆਤਮ ਨਿਰਭਰ ਬਣਾਉਣ। ਇਹ ਸੌਖਾ ਕੰਮ ਨਹੀਂ ਹੈ। ਇੱਕ ਜ਼ਿਲਾ ਅਧਿਕਾਰੀ ਦੇ ਅਧੀਨ ਔਸਤ 500 ਤੋਂ ਵੱਧ ਪਿੰਡ ਆਉਂਦੇ ਹਨ, ਜਿਨ੍ਹਾਂ ਵਿੱਚ ਵੱਖ-ਵੱਖ ਜਾਤੀ ਸਮੂਹ ਆਪੋ ਆਪਣੇ ਧੜਿਆਂ ਵਿੱਚ ਵੰਡੇ ਹਨ। ਇਸ ਭਿਆਨਕ ਸਥਿਤੀ ਵਿੱਚ ਇੱਕ ਅਧਿਕਾਰੀ ਕਿੰਨੇ ਪਿੰਡਾਂ ਨੂੰ ਪ੍ਰੇਰਿਤ ਕਰ ਸਕਦਾ ਹੈ? ਮੁੱਠੀ ਭਰ ਵੀ ਨਹੀਂ। ਇਸ ਲਈ ਤੱਤਕਾਲੀ ਭਾਰਤ ਸਰਕਾਰ ਦੀ ਇਹ ਯੋਜਨਾ ਅਸਫਲ ਰਹੀ।

ਉਦੋਂ ਸਰਕਾਰ ਨੇ ਹੈਂਡਪੰਪ ਲਾਉਣ ਦਾ ਟੀਚਾ ਰੱਖਿਆ। ਫਿਰ ਚੈੱਕ ਡੈਮ ਦੀ ਯੋਜਨਾ ਸ਼ੁਰੂ ਕੀਤੀ ਤੇ ਪਾਣੀ ਦੀਆਂ ਟੈਂਕੀਆਂ ਬਣਾਈਆਂ ਗਈਆਂ, ਪਰ ਤੇਜ਼ੀ ਨਾਲ ਡਿੱਗਦੇ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਨੇ ਇਨ੍ਹਾਂ ਯੋਜਨਾਵਾਂ ਨੂੰ ਅਸਫਲ ਕਰ ਦਿੱਤਾ। ਹਾਲਤ ਇਹ ਹੋ ਗਈ ਕਿ ਅਨੇਕ ਰਾਜਾਂ ਦੇ ਅਨੇਕ ਪਿੰਡਾਂ ਵਿੱਚ ਖੂਹ ਸੁੱਕ ਗਏ ਹਨ। ਕਈ ਸੌ ਫੁੱਟ ਡੂੰਘਾ ਬੋਰ ਕਰਨ ਦੇ ਬਾਵਜੂਦ ਪਾਣੀ ਨਹੀਂ ਮਿਲਦਾ। ਤਲਾਬ ਪਹਿਲਾਂ ਹੀ ਅਣਡਿੱਠਤਾ ਦੇ ਸ਼ਿਕਾਰ ਹੋ ਚੁੱਕੇ ਹਨ। ਉਨ੍ਹਾਂ ਵਿੱਚ ਕੈਚਮੈਂਟ ਏਰੀਏ 'ਤੇ ਅੰਨ੍ਹੇਵਾਹ ਨਿਰਮਾਣ ਹੋ ਗਿਆ ਅਤੇ ਉਨ੍ਹਾਂ ਵਿੱਚ ਪਿੰਡਾਂ ਦੀਆਂ ਗੰਦੀਆਂ ਨਾਲੀਆਂ ਅਤੇ ਕੂੜਾ ਸੁੱਟਣ ਦਾ ਕੰਮ ਖੁੱਲ੍ਹੇਆਮ ਕੀਤਾ ਜਾਣ ਲੱਗਾ। ਫਿਰ 'ਮਹਾਤਮਾ ਗਾਂਧੀ ਰਾਸ਼ਟਰੀ ਰੋਜ਼ਗਾਰ ਯੋਜਨਾ' ਹੇਠ ਝੀਲਾਂ ਅਤੇ ਤਲਾਬਾਂ ਦੇ ਦੁਬਾਰਾ ਨਵੀਨੀਕਰਨ ਦੀ ਯੋਜਨਾ ਲਾਗੂ ਕੀਤੀ ਗਈ ਤਾਂ ਇਸ ਵਿੱਚ ਵੀ ਸੂਬਾ ਸਰਕਾਰ ਅਸਫਲ ਰਹੀ। ਬਹੁਤ ਘੱਟ ਖੇਤਰ ਹੈ, ਜਿੱਥੇ ਨਰੇਗਾ ਦੇ ਅਧੀਨ ਕੁੰਡਾਂ ਦਾ ਨਵੀਨੀਕਰਨ ਹੋਇਆ ਅਤੇ ਉਨ੍ਹਾਂ ਵਿੱਚ ਪਾਣੀ ਦੀ ਸੰਭਾਲ ਕੀਤੀ ਗਈ।

ਦੂਜੇ ਪਾਸੇ ਪੀਣ ਵਾਲੇ ਪਾਣੀ ਦੀ ਯੋਜਨਾ ਹੋਵੇ ਜਾਂ ਕੁੰਡਾਂ ਦੇ ਨਵੀਨੀਕਰਨ ਦੀ, ਦੋਵਾਂ ਖੇਤਰਾਂ ਵਿੱਚ ਦੇਸ਼ ਦੇ ਅਨੇਕ ਹਿੱਸਿਆਂ ਵਿੱਚ ਅਨੇਕ ਸਵੈ ਸੇਵੀ ਸੰਸਥਾਵਾਂ ਨੇ ਪ੍ਰਭਾਵਸ਼ਾਲੀ ਸਫਲਤਾ ਹਾਸਲ ਕੀਤੀ ਹੈ। ਕਾਰਨ ਸਪੱਸ਼ਟ ਹੈ। ਜਿੱਥੇ ਸੇਵਾ ਤੇ ਤਿਆਗ ਦੀ ਭਾਵਨਾ ਹੈ, ਉਥੇ ਸਫਲਤਾ ਮਿਲਦੀ ਹੈ, ਭਾਵੇਂ ਸਮਾਂ ਲੱਗ ਜਾਵੇ, ਪਰ ਜਿੱਥੇ ਨੌਕਰੀ ਹੀ ਜੀਵਨ ਦਾ ਟੀਚਾ ਹੈ, ਉਥੇ ਬਗਾਰ ਟਾਲੀ ਜਾਂਦੀ ਹੈ। ਚੌਗਿਰਦਾ ਮੰਤਰਾਲਾ ਚੌਗਿਰਦੇ ਦੀ ਰੱਖਿਆ ਲਈ ਚੌਕਸ ਰਹਿਣ ਦਾ ਕਿੰਨਾ ਹੀ ਦਾਅਵਾ ਕਿਉਂ ਨਾ ਕਰੇ, ਪਰ ਸੱਚਾਈ ਇਹ ਹੈ ਕਿ ਜ਼ਮੀਨ, ਹਵਾ, ਬਨਸਪਤੀ ਵਰਗੇ ਤੱਤਾਂ ਦੀ ਰੱਖਿਆ ਬਾਅਦ ਦੀ ਗੱਲ, ਪਾਣੀ ਵਰਗੇ ਮੁੱਢਲੇ ਜ਼ਰੂਰੀ ਤੱਤ ਵੀ ਅਸੀਂ ਬਚਾਅ ਨਹੀਂ ਰਹੇ। ਦੁੱਖ ਦੀ ਗੱਲ ਇਹ ਹੈ ਕਿ ਦੇਸ਼ ਵਿੱਚ ਪਾਣੀ ਦੀ ਸਪਲਾਈ ਦੀ ਕੋਈ ਕਮੀ ਨਹੀਂ। ਮੀਂਹ ਦੇ ਦਿਨਾਂ ਵਿੱਚ ਜਿੰਨਾ ਪਾਣੀ ਇੰਦਰ ਦੇਵਤਾ ਇਸ ਧਰਤੀ ਨੂੰ ਦਿੰਦੇ ਹਨ, ਉਹ ਭਾਰਤ ਦੇ 125 ਕਰੋੜ ਲੋਕਾਂ ਅਤੇ ਅਰਬਾਂ ਪਸ਼ੂਆਂ-ਪੰਛੀਆਂ ਅਤੇ ਬਨਸਪਤੀ ਨੂੰ ਤ੍ਰਿਪਤ ਕਰਨ ਲਈ ਕਾਫੀ ਹੈ, ਪਰ ਅਰਬਾਂ ਰੁਪਿਆਂ ਵੱਡੇ ਡੈਮਾਂ ਅਤੇ ਨਹਿਰਾਂ 'ਤੇ ਖਰਚ ਕਰਨ ਦੇ ਬਾਵਜੂਦ ਅਸੀਂ ਮੀਂਹ ਦੇ ਪਾਣੀ ਦੀ ਸੰਭਾਲ ਨਹੀਂ ਕਰ ਸਕਦੇ। ਨਤੀਜੇ ਵਜੋਂ ਹੜ੍ਹ ਦੀ ਤ੍ਰਾਸਦੀ ਭੋਗਦੇ ਹਾਂ, ਮੀਂਹ ਦਾ ਮਿੱਠਾ ਪਾਣੀ ਨਦੀਆਂ-ਨਾਲਿਆਂ ਦੇ ਰਸਤੇ ਵਹਿ ਕੇ ਸਮੁੰਦਰ ਵਿੱਚ ਮਿਲ ਜਾਂਦਾ ਹੈ। ਅਸੀਂ ਘਰ ਆਈ ਸੌਗਾਤ ਨੂੰ ਸੰਭਾਲ ਕੇ ਵੀ ਨਹੀਂ ਰੱਖ ਸਕਦੇ। ਪਹਾੜਾਂ ਦੇ ਖਨਨ, ਦਰੱਖਤਾਂ ਦੀ ਭਾਰੀ ਮਾਤਰਾ ਵਿੱਚ ਕਟਾਈ, ਉਦਯੋਗਿਕ ਅਦਾਰਿਆਂ ਤੋਂ ਹੋਣ ਵਾਲਾ ਜ਼ਹਿਰੀਲਾ ਉਤਸਰਜਨ ਅਤੇ ਬਿਨਾਂ ਵਿਵੇਕ ਦੇ ਪਾਣੀ ਦੀ ਵਰਤੋਂ ਦੀ ਸਾਡੀ ਆਦਤ ਨੇ ਸਾਡੇ ਸਾਹਮਣੇ ਪੀਣ ਦੇ ਪਾਣੀ, ਭਾਵ 'ਜੀਵਨ ਦੇਣ ਵਾਲੀ ਸ਼ਕਤੀ' ਦੀ ਉਪਲਬਧਤਾ ਦਾ ਸੰਕਟ ਖੜ੍ਹਾ ਕਰ ਦਿੱਤਾ ਹੈ।

ਪਾਠਕਾਂ ਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਆਜ਼ਾਦੀ ਤੋਂ ਬਾਅਦ ਅੱਜ ਤੱਕ ਅਸੀਂ ਪੀਣ ਵਾਲੇ ਪਾਣੀ ਅਤੇ ਸੈਨੀਟੇਸ਼ਨ ਦੀ ਮਦ 'ਤੇ ਸਵਾ ਲੱਖ ਕਰੋੜ ਰੁਪਿਆ ਖਰਚ ਕਰ ਚੁੱਕੇ ਹਾਂ, ਇਸ ਦੇ ਬਾਵਜੂਦ ਅਸੀਂ ਪੀਣ ਦੇ ਪਾਣੀ ਦੀ ਸਪਲਾਈ ਦੇਣ ਦੇ ਸਮਰੱਥ ਨਹੀਂ ਹੋਏ। ਖੇਤਾਂ ਵਿੱਚ ਅੰਨ੍ਹੇਵਾਹ ਖਾਦਾਂ ਦੀ ਵਰਤੋਂ ਕਾਰਨ ਜ਼ਮੀਨ ਹੇਠਲੇ ਪਾਣੀ ਵਿੱਚ ਫਲੋਰਾਈਡ ਅਤੇ ਆਰਸੈਨਿਕ ਦੀ ਮਾਤਰਾ ਖਤਰਨਾਕ ਪੱਧਰ ਤੱਕ ਪਹੁੰਚ ਚੁੱਕੀ ਹੈ, ਜਿਸ ਦਾ ਮਨੁੱਖੀ ਸਿਹਤ 'ਤੇ ਬੁਰਾ ਅਸਰ ਪੈ ਰਿਹਾ ਹੈ। ਸਾਰਿਆਂ ਨੂੰ ਸਭ ਕੁਝ ਪਤਾ ਹੈ, ਪਰ ਕੋਈ ਕੁਝ ਠੋਸ ਨਹੀਂ ਕਰਦਾ। ਜਿਸ ਦੇਸ਼ ਵਿੱਚ ਨਦੀਆਂ, ਪਹਾੜਾਂ, ਦਰੱਖਤਾਂ, ਪਸ਼ੂ-ਪੰਛੀਆਂ, ਧਰਤੀ, ਹਵਾ, ਪਾਣੀ, ਆਕਾਸ਼, ਸੂਰਜ ਅਤੇ ਚੰਦਰਮਾ ਦੀ ਹਜ਼ਾਰਾਂ ਸਾਲਾਂ ਤੋਂ ਪੂਜਾ ਹੁੰਦੀ ਆਈ ਹੋਵੇ, ਉਥੇ ਚੌਗਿਰਦੇ ਦਾ ਇੰਨਾ ਨਾਸ਼ ਸਮਝ ਵਿੱਚ ਨਾ ਆਉਣ ਵਾਲੀ ਗੱਲ ਹੈ। ਸਰਕਾਰ ਤੇ ਲੋਕ, ਦੋਵੇਂ ਬਰਾਬਰ ਦੇ ਜ਼ਿੰਮੇਵਾਰ ਹਨ। ਸਰਕਾਰ ਦੀ ਨੀਤ ਸਾਫ ਨਹੀਂ ਹੁੰਦੀ ਅਤੇ ਲੋਕ ਸਮੱਸਿਆ ਦਾ ਕਾਰਨ ਬਣਦੇ ਹਨ, ਹੱਲ ਨਹੀਂ। ਅਸੀਂ ਖਤਰਨਾਕ ਚੱਕਰ ਵਿੱਚ ਫਸ ਚੁੱਕੇ ਹਾਂ। ਚੌਗਿਰਦਾ ਬਚਾਉਣ ਲਈ ਇੱਕ ਦੇਸ਼ ਵਿਆਪੀ ਇਨਕਲਾਬ ਦੀ ਲੋੜ ਹੈ, ਨਹੀਂ ਤਾਂ ਅਸੀਂ ਅੰਨ੍ਹੇ ਹੋ ਕੇ ਆਤਮਘਾਤੀ ਸੁਰੰਗ ਵਿੱਚ ਧਸਦੇ ਜਾ ਰਹੇ ਹਾਂ, ਜਦੋਂ ਜਾਗਾਂਗੇ, ਉਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਚੌਗਿਰਦੇ ਦੇ ਵਿਸ਼ੇ ਵਿੱਚ ਦੇਸ਼ 'ਚ ਚਰਚਾ ਅਤੇ ਉਤਸੁਕਤਾ ਵਧੀ ਹੈ, ਉਸ ਦਾ ਅਸਰ ਸਾਡੇ ਵਤੀਰੇ ਵਿੱਚ ਦਿਖਾਈ ਨਹੀਂ ਦਿੰਦਾ। ਸ਼ਾਇਦ ਸਾਨੂੰ ਲੱਗਦਾ ਹੈ ਕਿ ਚੌਗਿਰਦੇ ਪ੍ਰਤੀ ਸਾਡੇ ਬੁਰੇ ਰਵੱਈਏ ਨਾਲ ਇੰਨੇ ਵੱਡੇ ਦੇਸ਼ ਵਿੱਚ ਕੀ ਅਸਰ ਪਵੇਗਾ? ਇਸ ਲਈ ਅਸੀਂ ਖੂਹਾਂ, ਕੁੰਡਾਂ ਅਤੇ ਨਦੀਆਂ ਨੂੰ ਜ਼ਹਿਰੀਲਾ ਬਣਾਉਂਦੇ ਹਾਂ। ਹਵਾ ਵਿੱਚ ਜ਼ਹਿਰੀਲਾ ਧੂੰਆਂ ਛੱਡਦੇ ਹਾਂ। ਦਰੱਖਤਾਂ ਨੂੰ ਬੇਦਰਦੀ ਨਾਲ ਕੱਟ ਦਿੰਦੇ ਹਾਂ। ਆਪਣੇ ਮਕਾਨਾਂ, ਇਮਾਰਤਾਂ, ਸੜਕਾਂ ਤੇ ਅਦਾਰੇ ਬਣਾਉਣ ਲਈ ਪਹਾੜਾਂ ਨੂੰ ਡਾਇਨਾਮਾਈਟ ਨਾਲ ਤੋੜਦੇ ਹਾਂ ਤੇ ਅਪਰਾਧ ਬੋਧ ਪੈਦਾ ਨਹੀਂ ਹੁੰਦਾ। ਜਦੋਂ ਕੁਦਰਤ ਭਿਆਨਕ ਰੂਪ ਦਿਖਾਉਂਦੀ ਹੈ, ਉਦੋਂ ਅਸੀਂ ਕੁਝ ਸਮਾਂ ਪ੍ਰੇਸ਼ਾਨ ਹੋ ਜਾਂਦੇ ਹਾਂ। ਸੰਕਟ ਟਲ ਜਾਣ ਤੋਂ ਬਾਅਦ ਅਸੀਂ ਫਿਰ ਉਹੀ ਤਬਾਹੀ ਸ਼ੁਰੂ ਕਰ ਦਿੰਦੇ ਹਾਂ। ਸਾਡੇ ਚੌਗਿਰਦੇ ਦੀ ਰੱਖਿਆ ਕਰਨ ਕੋਈ ਗੁਆਂਢੀ ਦੇਸ਼ ਨਹੀਂ ਆਏਗਾ, ਇਹ ਪਹਿਲ ਤਾਂ ਸਾਨੂੰ ਹੀ ਕਰਨੀ ਪਵੇਗੀ। ਅਸੀਂ ਜਿੱਥੇ ਵੀ, ਜਿਸ ਰੂਪ ਵਿੱਚ ਵੀ ਕਰ ਸਕੀਏ, ਸਾਨੂੰ ਕੁਦਰਤ ਦੇ ਪੰਜ ਤੱਤਾਂ ਦੀ ਸ਼ੁੱਧਤਾ ਕਰਨੀ ਚਾਹੀਦੀ ਹੈ। ਚੌਗਿਰਦੇ ਨੂੰ ਫਿਰ ਆਸਥਾ ਨਾਲ ਜੋੜਨਾ ਚਾਹੀਦਾ ਹੈ, ਫਿਰ ਕਿਤੇ ਜਾ ਕੇ ਇਹ ਤਬਾਹੀ ਰੁਕ ਸਕੇਗੀ, ਨਹੀਂ ਤਾਂ ਜਾਪਾਨ ਦੀ ਸੁਨਾਮੀ, ਆਸਟਰੇਲੀਆ ਦੇ ਜੰਗਲਾਂ ਵਿੱਚ ਭਿਆਨਕ ਅੱਗ, ਕੇਦਾਰਨਾਥ ਵਿੱਚ ਬੱਦਲਾਂ ਦਾ ਫਟਣਾ, ਇਸ ਗੱਲ ਦੀਆਂ ਉਦਾਹਰਣਾਂ ਹਨ ਕਿ ਅਸੀਂ ਕਦੇ ਵੀ ਕੁਦਰਤ ਦੇ ਭਿਆਨਕ ਰੂਪ ਦਾ ਸ਼ਿਕਾਰ ਹੋ ਸਕਦੇ ਹਾਂ।



## ਪੰਜਾਬ ਨੈਸ਼ਨਲ ਬੈਂਕ ਦੇ ਐੱਨ ਆਰ ਆਈ ਖਾਤੇ ਵਿੱਚੋਂ 66 ਲੱਖ ਦਾ ਘੁਟਾਲਾ

ਸੈਲਾ ਖੁਰਦ, 3 ਫਰਵਰੀ (ਪੋਸਟ ਬਿਊਰੋ)- 'ਵਾੜ ਖੇਤ ਨੂੰ ਖਾਣ ਲੱਗ ਪਈ' ਦੀ ਕਹਾਵਤ ਓਦੋਂ ਸੱਚ ਸਾਬਤ ਹੋ ਗਈ, ਜਦੋਂ ਪੰਜਾਬ ਨੈਸ਼ਨਲ ਬੈਂਕ ਦੀ ਮੋਰਾਂਵਾਲੀ ਬ੍ਰਾਂਚ ਵਿੱਚ ਇਕ ਬਜ਼ੁਰਗ ਨਾਲ ਇਕ ਵੱਡਾ ਘੁਟਾਲਾ ਹੋ ਗਿਆ।

ਇਸ ਸਬੰਧ ਵਿੱਚ ਬਲਵੰਤ ਸਿੰਘ ਸੋਹਲ ਪੁੱਤਰ ਦਲੀਪ ਸਿੰਘ ਵਾਸੀ ਮੋਰਾਂਵਾਲੀ ਨੇ ਦੱਸਿਆ ਕਿ ਉਹ ਪਿਛਲੇ 50 ਸਾਲਾਂ ਤੋਂ ਇੰਗਲੈਂਡ ਵਿੱਚ ਪੱਕੇ ਤੌਰ ਉੱਤੇ ਰਹਿ ਰਹੇ ਹਨ ਅਤੇ ਉਨ੍ਹਾਂ ਦਾ ਐੱਨ ਆਰ ਆਈ ਖਾਤਾ ਪੰਜਾਬ ਨੈਸ਼ਨਲ ਬੈਂਕ ਮੋਰਾਂਵਾਲੀ ਵਿੱਚ ਚਲਦਾ ਹੈ, ਜਿਸ ਵਿੱਚੋਂ ਪਿਛਲੇ ਸਾਲ 6 ਦਸੰਬਰ 2019 ਨੂੰ 39 ਲੱਖ 50 ਹਜ਼ਾਰ ਅਤੇ 11 ਦਸੰਬਰ 2019 ਨੂੰ 26 ਲੱਖ 50 ਹਜ਼ਾਰ ਰੁਪਏ ਕਿਸੇ ਐੱਚ ਡੀ ਐੱਫ ਸੀ ਖਾਤੇ ਵਿੱਚ ਟਰਾਂਸਫਰ ਕੀਤੇ ਗਏ ਹਨ, ਪਰ ਜਿਨ੍ਹਾਂ ਚੈੱਕਾਂ ਰਾਹੀਂ ਪੈਸੇ ਨਿਕਲੇ ਹਨ, ਉਹ ਚੈੱਕ ਬੁੱਕ ਅਤੇ ਚੈੱਕ ਉਸ ਦੇ ਕੋਲ ਹਨ। ਬਲਵੰਤ ਸਿੰਘ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਜਦੋਂ ਚੈੱਕ ਮੇਰੇ ਕੋਲ ਹੈ ਤਾਂ ਪੈਸੇ ਕਿਵੇਂ ਨਿਕਲ ਸਕਦੇ ਹਨ। ਉਲਟਾ ਬਲਵੰਤ ਸਿੰਘ ਨੂੰ ਪੈਸੇ ਟਰਾਂਸਫਰ ਕਰਨ ਦਾ ਚਾਰਜ 590 ਰੁਪਏ ਲੱਗ ਗਿਆ ਹੈ, ਜਿਸ ਬਾਰੇ ਐਂਟਰੀ ਉਨ੍ਹਾਂ ਦੀ ਕਾਪੀ ਉੱਤੇ ਹੋਈ ਹੈ। ਬਲਵੰਤ ਸਿੰਘ ਨੇ ਦੋਸ਼ ਲਾਇਆ ਕਿ ਸਾਰਾ ਘਪਲਾ ਬੈਂਕ ਸਟਾਫ ਦੀ ਮਿਲੀਭੁਗਤ ਨਾਲ ਹੋਇਆ ਹੈ। ਉਨ੍ਹਾ ਦੱਸਿਆ ਕਿ ਇਸ ਘੁਟਾਲੇ ਬਾਰੇ ਥਾਣਾ ਗੜ੍ਹਸ਼ੰਕਰ ਤੋਂ ਐੱਸ ਐੱਸ ਪੀ ਹੁਸ਼ਿਆਰਪੁਰ ਤੱਕ ਤੇ ਚੀਫ਼ ਮੈਨੇਜਰ ਪੰਜਾਬ ਨੈਸ਼ਨਲ ਬੈਂਕ ਹੁਸ਼ਿਆਰਪੁਰ ਤੱਕ ਨੂੰ ਮਿਲ ਕੇ ਲਿਖਤੀ ਦਰਖ਼ਾਸਤ ਦਿੱਤੀ ਹੈ।

ਪੰਜਾਬ ਨੈਸ਼ਨਲ ਬੈਂਕ ਦੇ ਚੀਫ਼ ਮੈਨੇਜਰ ਸੁਨੀਲ ਖੁੱਲਰ ਦਾ ਕਹਿਣਾ ਹੈ ਕਿ ਇਸ ਕੇਸ ਦੀ ਜਾਂਚ ਕੀਤੀ ਜਾਵੇਗੀ ਤੇ ਹੇਰਾਫੇਰੀ ਕਰਨ ਵਾਲੇ ਵਿਅਕਤੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਅਕਾਲ ਤਖ਼ਤ ਦੇ ਖ਼ਿਲਾਫ਼ ਬਾਗੀ ਰੁਖ ਧਾਰਿਆ



ਪਟਿਆਲਾ, 3 ਫਰਵਰੀ (ਪੋਸਟ ਬਿਊਰੋ)- ਸਿੱਖ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਨੇ ਸ੍ਰੀ ਅਕਾਲ ਤਖ਼ਤ ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਚੁੱਕਣ ਵਾਂਗ ਐਲਾਨ ਕੀਤਾ ਹੈ ਕਿ ਉਹ ਅਕਾਲ ਤਖ਼ਤ ਅੱਗੇ ਪੇਸ਼ ਨਹੀਂ ਹੋਣਗੇ, ਸਗੋਂ ਸੱਚ ਦੀ ਪਹਿਰੇਦਾਰੀ ਕਰਦੇ ਰਹਿਣ-ਗੇ। ਗੁਰਦੁਆਰਾ ਸ੍ਰੀ ਪਰਮੇਸ਼ਰ ਦੁਆਰ ਸੇਖੂਪੁਰਾ ਵਿੱਚ ਕੱਲ੍ਹ ਕਰਵਾਏ ਕੀਰਤਨ ਸਮਾਗਮ ਦੌਰਾਨ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੇ ਸਮੁੱਚੇ ਸਿਸਟਮ 'ਤੇ ਕਿੰਤੂ-ਪ੍ਰੰਤੂ ਕੀਤਾ ਅਤੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਸਿੱਖ ਰਹਿਤ ਮਰਿਆਦਾ ਸਮੇਤ ਹੋਰ ਕਈ ਮਸਲਿਆਂ 'ਤੇ ਚੁਣੌਤੀ ਦੇ ਦਿੱਤੀ।

ਵਰਨਣ ਯੋਗ ਹੈ ਕਿ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਉੱਤੇ ਸਿੱਖ ਇਤਿਹਾਸ ਦੀ ਪੇਸ਼ਕਾਰੀ ਦੌਰਾਨ ਪੰਥਕ ਸਿਧਾਂਤਾਂ ਦੇ ਉਲਟ ਬੋਲਣ ਦੇ ਦੋਸ਼ ਵਜੋਂ ਅਕਾਲ ਤਖ਼ਤ ਸਾਹਿਬ ਵੱਲੋਂ ਇਸ ਮੁੱਦੇ ਦੇ ਹੱਲ ਲਈ ਪੰਜ ਮੈਂਬਰੀ ਪੜਤਾਲੀਆ ਕਮੇਟੀ ਬਣਾਈ ਗਈ ਸੀ। ਇਸ ਕਮੇਟੀ ਨੇ ਪਹਿਲਾਂ ਸੰਤ ਢੱਡਰੀਆਂ ਵਾਲੇ ਨੂੰ ਆਪਣਾ ਪੱਖ ਰੱਖਣ ਲਈ 22 ਦਸੰਬਰ ਨੂੰ ਪਟਿਆਲਾ 'ਚ ਸੱਦਿਆ ਸੀ, ਪਰ ਉਸ ਦਿਨ ਉਨ੍ਹਾਂ ਦੇ ਵਿਦੇਸ਼ ਗਏ ਹੋਣ ਕਰਕੇ ਕਮੇਟੀ ਨੇ ਪੰਜ ਜਨਵਰੀ ਤੱਕ ਉਨ੍ਹਾਂ ਨੂੰ ਆਪਣੀ ਹਾਜ਼ਰੀ ਬਾਰੇ ਦੱਸਣ ਲਈ ਕਿਹਾ ਸੀ ਤਾਂ ਕਿ ਉਹ ਕਮੇਟੀ ਨਾਲ ਸੰਪਰਕ ਕਰ ਕੇ ਆਪਣਾ ਪੱਖ ਪੇਸ਼ ਕਰ ਸਕਣ। ਇਸ ਕਮੇਟੀ ਨਾਲ ਸੰਤ ਢੱਡਰੀਆਂ ਵੱਲੋਂ ਸੰਰਪਕ ਨਾ ਕੀਤੇ ਜਾਣ ਦੌਰਾਨ ਤਨਾਅ ਬਣਦਾ ਨਜ਼ਰ ਆ ਰਿਹਾ ਸੀ ਤੇ ਅਖ਼ੀਰ ਕੱਲ੍ਹ ਸੰਤ ਢੱਡਰੀਆਂ ਵਾਲੇ ਨੇ ਸਪੱਸ਼ਟ ਕਰ ਦਿੱਤਾ ਕਿ ਉਹ ਅਕਾਲ ਤਖ਼ਤ ਅੱਗੇ ਗੋਡੇ ਟੇਕਣ ਨੂੰ ਤਿਆਰ ਨਹੀਂ। ਇਸ ਮੌਕੇ ਉਨ੍ਹਾਂ ਨੇ ਅਸਿੱਧੇ ਤੌਰ 'ਤੇ ਅਕਾਲ ਤਖ਼ਤ ਸਾਹਿਬ ਦੇ ਸਾਰੇ ਸਿਸਟਮ 'ਤੇ ਕਿੰਤੂ-ਪ੍ਰੰਤੂ ਕੀਤਾ ਸੀ। ਉਨ੍ਹਾਂ ਸ਼ਿਕਵਾ ਕੀਤਾ ਸੀ ਕਿ ਅਕਾਲ ਤਖ਼ਤ ਹਾਲੇ ਤੱਕ ਸਾਰੇ ਗੁਰਦੁਆਰਿਆਂ 'ਚ ਇੱਕ ਰਹਿਤ ਮਰਿਆਦਾ ਲਾਗੂ ਨਹੀਂ ਕਰਵਾ ਸਕਿਆ।

## ਕੈਪਟਨ ਅਮਰਿੰਦਰ ਨੇ ਵਿਧਾਨ ਸਭਾ ਹਲਕਿਆਂ ਨੂੰ ਅਰਬਾਂ ਦੇ ਗੱਫੇ ਦੇਣ ਲਈ ਆਮਦਨ ਗਹਿਣੇ ਪਾਈ



ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਪੰਜਾਬ ਸਰਕਾਰ ਦੀ ਪਤਲੀ ਹਾਲਤ ਕਾਰਨ ਤਿੰਨ ਸਾਲ ਤੋਂ ਰੁੱਖੇ ਦਿਨ ਕੱਟ ਰਹੇ ਵਿਧਾਇਕਾਂ ਨੂੰ ਚੌਥੇ ਸਾਲ 'ਚ ਪੈਰ ਧਰਦਿਆਂ ਸਾਰ ਗ੍ਰਾਂਟਾਂ ਦੇ ਖੁੱਲ੍ਹੇ ਗੱਫੇ ਨਸੀਬ ਹੋ ਗਏ ਹਨ।

ਪਤਾ ਲੱਗਾ ਹੈ ਕਿ ਗ੍ਰਾਂਟਾਂ ਦੇ ਇਹ ਗੱਫੇ ਪੰਜਾਬ ਮੰਡੀ ਬੋਰਡ ਦੀ ਅਗਲੇ ਕਈ ਸਾਲਾਂ ਦੀ ਆਮਦਨ ਗਹਿਣੇ ਧਰ ਕੇ ਦਿੱਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਹਰ ਵਿਧਾਨ ਸਭਾ ਹਲਕੇ ਨੂੰ 20 ਤੋਂ 25 ਕਰੋੜ ਰੁਪਏ ਗ੍ਰਾਂਟ ਅਲਾਟ ਕੀਤੀ ਹੈ ਅਤੇ ਅੱਗੋਂ ਵਿਧਾਨ ਸਭਾ ਹਲਕੇ ਦੇ ਪਿੰਡਾਂ ਦੇ ਕਸਬਿਆਂ ਜਾਂ ਸ਼ਹਿਰਾਂ ਲਈ ਵੱਖ-ਵੱਖ ਗ੍ਰਾਂਟ ਦਿੱਤੀ ਹੈ। ਸੂਤਰਾਂ ਮੁਤਾਬਕ ਪਿਛਲੇ ਤਿੰਨ ਸਾਲ ਦੀ ਮੰਡੀ ਬੋਰਡ ਦੀ ਆਮਦਨ ਗਹਿਣੇ ਧਰ ਕੇ ਪਹਿਲਾਂ ਬਾਦਲ ਸਰਕਾਰ ਕਰਜ਼ਾ ਲੈ ਗਈ ਸੀ ਤੇ ਖ਼ਾਲੀ ਖ਼ਜ਼ਾਨੇ ਦਾ ਰੋਣਾ ਰੋ ਰਹੀ ਮੌਜੂਦਾ ਸਰਕਾਰ ਨੇ ਵੀ ਉਹੀ ਰਾਹ ਫੜ ਲਿਆ ਹੈ। ਮੰਡੀ ਬੋਰਡ ਨੇ ਆਮਦਨ ਬਦਲੇ ਬੈਂਕਾਂ ਤੋਂ 1200 ਕਰੋੜ ਰੁਪਏ ਦਾ ਕਰਜ਼ਾ ਚੁੱਕਿਆ ਤੇ ਬਾਕੀ ਉਸ ਕੋਲ ਪਈ ਰਕਮ ਵੀ ਲੈ ਕੇ ਸਰਕਾਰ ਨੇ ਵਿਧਾਨ ਸਭਾ ਹਲਕਿਆਂ ਲਈ ਕਰੀਬ 2400 ਕਰੋੜ ਰੁਪਏ ਅਲਾਟ ਕੀਤੇ ਹਨ ਤੇ ਇਹ ਰਕਮ ਖ਼ਰਚਣ ਲਈ ਪ੍ਰਾਜੈਕਟਾਂ ਤੇ ਕੰਮਾਂ ਦੇ ਵੇਰਵੇ ਭੇਜਣ ਲਈ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਕਾਂਗਰਸ ਵਿਧਾਇਕਾਂ ਤੇ ਕਾਂਗਰਸ ਦੇ ਹਲਕਾ ਇੰਚਾਰਜਾਂ ਨਾਲ ਮਿਲ ਕੇ ਪ੍ਰਬੰਧ ਕਰਨ ਲਈ ਹਦਾਇਤ ਭੇਜੀ ਹੈ। ਵਰਨਯੋਗ ਹੈ ਕਿ ਪੰਜਾਬ ਵਿੱਚ ਪਿਛਲੇ ਤਿੰਨ ਸਾਲ ਤੋਂ ਹਰ ਤਰ੍ਹਾਂ ਦੇ ਵਿਕਾਸ ਕਾਰਜ ਠੱਪ ਪਏ ਹੋਣ ਕਾਰਨ ਕਾਂਗਰਸ ਵਿਧਾਇਕਾਂ, ਆਗੂਆਂ ਤੇ ਵਰਕਰਾਂ 'ਚ ਭਾਰੀ ਨਿਰਾਸ਼ਾ ਸੀ ਤੇ ਬਹੁਤ ਸਾਰੇ ਵਿਧਾਇਕ ਆਪਣੀ ਸਰਕਾਰ ਦੀ ਖੁੱਲ੍ਹੀ ਆਲੋਚਨਾ ਕਰਨ ਲੱਗ ਪਏ ਸਨ। ਵਿਧਾਇਕਾਂ ਦੇ ਦਬਾਅ ਅਤੇ ਸਰਕਾਰ ਦੀ ਨੁਕਤਾਚੀਨੀ ਰੋਕਣ ਲਈ ਕਰਜ਼ਾ ਚੁੱਕ ਲਿਆ ਗਿਆ ਹੈ। ਮੁੱਖ ਮੰਤਰੀ ਦਫ਼ਤਰ ਨੇ ਦੱਸਿਆ ਹੈ ਕਿ ਗ੍ਰਾਂਟ ਦੀ ਵੰਡ ਸਮੇਂ ਵਿਰੋਧੀ ਧਿਰ ਦੇ ਵਿਧਾਇਕਾਂ ਵਾਲੇ ਹਲਕੇ ਅਣਗੌਲੇ ਨਹੀਂ ਕੀਤੇ ਗਏ, ਸਗੋਂ ਬਰਾਬਰ ਦੀ ਗ੍ਰਾਂਟ ਦਿੱਤੀ ਜਾਣੀ ਹੈ।

ਜਲੰਧਰ ਜ਼ਿਲ੍ਹੇ ਦੇ ਸਾਰੇ ਨੌਂ ਵਿਧਾਨ ਸਭਾ ਹਲਕਿਆਂ ਲਈ ਬਰਾਬਰ 25-25 ਕਰੋੜ ਰੁਪਏ ਗ੍ਰਾਂਟ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ ਤਿੰਨ ਹਲਕਿਆਂ ਦੇ ਵਿਧਾਇਕ ਅਕਾਲੀ ਹਨ। ਪਤਾ ਲੱਗਾ ਹੈ ਕਿ ਸਰਕਾਰੀ ਅਧਿਕਾਰੀਆਂ ਨੂੰ ਜ਼ੁਬਾਨੀ ਆਦੇਸ਼ ਮੁਤਾਬਕ ਵਿਰੋਧੀ ਧਿਰ ਵਾਲੇ ਵਿਧਾਇਕਾਂ ਦੇ ਹਲਕਿਆਂ 'ਚ ਪ੍ਰਾਜੈਕਟ ਤੇ ਕੰਮਾਂ ਦਾ ਫ਼ੈਸਲਾ ਕਰਨ 'ਚ ਵੱਡਾ ਹੱਥ ਕਾਂਗਰਸ ਦੇ ਹਲਕਾ ਇੰਚਰਾਜਾਂ ਦਾ ਹੋਵੇਗਾ। ਫ਼ਰੀਦਕੋਟ ਜ਼ਿਲ੍ਹੇ ਵਿਚਲੇ ਤਿੰਨ ਹਲਕਿਆਂ ਲਈ 20-20 ਕਰੋੜ ਰੁਪਏ ਗ੍ਰਾਂਟ ਅਲਾਟ ਹੋਈ ਹੈ ਅਤੇ ਇਥੇ ਵੀ ਕਾਂਗਰਸ ਦਾ ਇੱਕ ਅਤੇ ਆਮ ਆਦਮੀ ਪਾਰਟੀ ਦੇ ਦੋ ਵਿਧਾਇਕ ਹਨ।

ਪੰਜਾਬ ਵਿੱਚ ਵਿਕਾਸ ਕੰਮਾਂ ਲਈ ਏਨੀ ਵੱਡੀ ਰਕਮ ਪਹਿਲੀ ਵਾਰ ਖ਼ਰਚੇ ਜਾਣ ਨਾਲ ਕਾਂਗਰਸੀ ਵਿਧਾਇਕ, ਆਗੂ ਤੇ ਵਰਕਰ ਖ਼ੁਸ਼ ਹਨ। ਉਨ੍ਹਾਂ ਨੂੰ ਸਰਕਾਰ ਤੁਰਨ ਲੱਗੀ ਜਾਪਣ ਲੱਗ ਪਈ ਹੈ।

## ਅੰਮ੍ਰਿਤਸਰ ਜੇਲ੍ਹ ਵਿੱਚ ਬੈਰਕ ਦੀ ਕੰਧ ਪਾੜ ਕੇ ਤਿੰਨ ਸੁਣਵਾਈ ਅਧੀਨ ਕੈਦੀ ਫਰਾਰ




ਅੰਮ੍ਰਿਤਸਰ, 3 ਫਰਵਰੀ (ਪੋਸਟ ਬਿਊਰੋ)- ਕੇਂਦਰੀ ਜੇਲ੍ਹ ਫਤਾਹਪੁਰ ਆਪਣੇ ਸੁਰੱਖਿਆ ਪ੍ਰਬੰਧਾਂ ਬਾਰੇ ਅਖ਼ਬਾਰਾਂ ਤੇ ਹੋਰ ਮੀਡੀਆ ਚੈਨਲਾਂ ਦੀਆਂ ਸੁਰਖੀਆਂ ਵਿੱਚ ਅਕਸਰ ਰਹਿੰਦੀ ਹੈ। ਕੱਲ੍ਹ ਤੜਕੇ ਅਹਾਤਾ ਨੰਬਰ ਦੋ ਦੀ ਬੈਰਕ ਨੰਬਰ ਸੱਤ ਦੀ ਕੰਧ ਪਾੜ ਕੇ ਸੁਣਵਾਈ ਅਧੀਨ ਕੈਦੀ ਇਸ ਜੇਲ੍ਹ ਦੀਆਂ 16 ਅਤੇ 21 ਫੁੱਟ ਕੰਧਾਂ ਟੱਪ ਕੇ ਦੌੜ ਗਏ। ਇਨ੍ਹਾਂ 'ਚ ਗੁਰਪ੍ਰੀਤ ਸਿੰਘ ਗੋਪੀ, ਉਸ ਦਾ ਭਰਾ ਜਰਨੈਲ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਖਡੂਰ ਸਾਹਿਬ ਅਤੇ ਵਿਸ਼ਾਲ ਸ਼ਰਮਾ ਪੁੱਤਰ ਸਤੀਸ਼ ਕੁਮਾਰ ਪਿੰਡ ਰੋੜੀ ਮਜੀਠਾ ਹਾਲ ਵਾਸੀ ਮਜੀਠਾ ਰੋਡ ਸ਼ਾਮਲ ਹਨ।

ਪਤਾ ਲੱਗਾ ਹੈ ਕਿ ਗੁਰਪ੍ਰੀਤ ਸਿੰਘ ਅਤੇ ਜਰਨੈਲ ਸਿੰਘ ਨੂੰ ਥਾਣਾ ਬੀ ਡਵੀਜ਼ਨ ਦੀ ਪੁਲਸ ਨੇ ਚੋਰੀ ਦੇ ਇੱਕ ਕੇਸ ਵਿੱਚ ਗ੍ਰਿਫਤਾਰ ਕਰਨ ਮਗਰੋਂ ਜੇਲ੍ਹ ਭੇਜਿਆ ਸੀ ਅਤੇ ਵਿਸ਼ਾਲ ਸ਼ਰਮਾ ਬਲਾਤਕਾਰ ਦੇ ਕੇਸ ਵਿੱਚ ਥਾਣਾ ਛੇਹਰਟਾ ਤੋਂ ਜੇਲ੍ਹ ਗਿਆ ਸੀ। ਇਹ ਤਿੰਨੇ ਅੰਡਰ-ਟਰਾਇਲ ਕੈਦੀ ਕੱਲ੍ਹ ਦੇਰ ਰਾਤ ਬੈਰਕ ਨੰਬਰ ਦੋ ਦੀ ਕੰਧ ਤੋੜ ਕੇ ਰਜਾਈ ਦੇ ਗਿਲਾਫ ਤੇ ਕੰਬਲ ਨਾਲ ਬਣਾਈ ਰੱਸੀ ਨਾਲ ਜੇਲ੍ਹ ਦੀ 16 ਅਤੇ 21 ਫੁੱਟ ਦੀ ਕੰਡਿਆਲੀ ਤਾਰ ਟੱਪ ਕੇ ਚਲੇ ਗਏ। ਇਨ੍ਹਾਂ ਮੁਲਜ਼ਮਾਂ ਦੇ ਦੌੜਨ ਦੀ ਇੱਕ ਫੁਟੇਜ ਸੀ ਸੀ ਟੀ ਵੀ ਕੈਮਰੇ ਵਿੱਚ ਆਈ ਦੱਸੀ ਜਾਂਦੀ ਹੈ। ਇਸ ਜੇਲ੍ਹ ਬ੍ਰੇਕ ਕਾਂਡ ਤੋਂ ਬਾਅਦ ਪੂਰੇ ਜੇਲ੍ਹ ਪ੍ਰਸ਼ਾਸਨ ਵਿੱਚ ਤਰਥੱਲੀ ਮਚ ਗਈ ਅਤੇ ਫਿਰ ਜੇਲ੍ਹ ਵਿਭਾਗ ਦੇ ਏ ਡੀ ਜੀ ਪੀ ਪ੍ਰਵੀਨ ਸਿਨਹਾ ਹੋਰ ਜੇਲ੍ਹ ਅਧਿਕਾਰੀਆਂ ਸਮੇਤ ਮੌਕੇ ਦਾ ਜਾਇਜ਼ਾ ਲੈਣ ਕੇਂਦਰੀ ਜੇਲ੍ਹ ਫਤਾਹਪੁਰ ਪੁੱਜ ਗਏ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰੀ ਜੇਲ੍ਹ ਫਤਾਹਪੁਰ 'ਚੋਂ ਤਿੰਨ ਹਵਾਲਾਤੀਆਂ ਦੇ ਦੌੜਨ ਦੀ ਮੈਜਿਸਟਰੇਟੀ ਜਾਂਚ ਜਲੰਧਰ ਡਵੀਜ਼ਨ ਦੇ ਕਮਿਸ਼ਨਰ ਨੂੰ ਕਰਅਨ ਲਈ ਕਹਾ ਅਤੇ ਜੇਲ੍ਹ ਸੁਰੱਖਿਆ ਲਈ ਜ਼ਿੰਮੇਵਾਰ ਮੁਲਾਜ਼ਮਾਂ ਨੂੰ ਪੈਂਡਿੰਗ ਜਾਂਚ ਦੌਰਾਨ ਸਸਪੈਂਡ ਕਰਨ ਦੇ ਹੁਕਮ ਜਾਰੀ ਕੀਤੇ ਹਨ। ਏਥੇ ਪ੍ਰੈੱਸ ਕਾਨਫਰੰਸ ਵਿੱਚ ਏ ਡੀ ਜੀ ਪੀ (ਜੇਲ੍ਹ) ਪ੍ਰਵੀਨ ਸਿਨਹਾ ਨੇ ਦੱਸਿਆ ਕਿ ਡਿਊਟੀ 'ਚ ਕੋਤਾਹੀ ਵਰਤਣ ਵਾਲੇ ਦੋ ਸਹਾਇਕ ਜੇਲ੍ਹ ਸੁਪਰਡੈਂਟਾਂ ਤੇ ਜੇਲ੍ਹ ਵਾਰਡਨਾਂ ਸਮੇਤ ਸੱਤ ਮੁਲਾਜ਼ਮਾਂ ਨੂੰ ਮੁੱਖ ਮੰਤਰੀ ਦੇ ਹੁਕਮਾਂ ਉੱਤੇ ਸਸਪੈਂਡ ਕਰਨ ਦੇ ਨਾਲ ਦੋ ਜੇਲ੍ਹ ਵਾਰਡਨਾਂ ਅਤੇ ਇੱਕ ਹੋਮਗਾਰਡ ਜਵਾਨ ਦੇ ਖਿਲਾਫ ਥਾਣਾ ਇਸਲਾਮਾ-ਬਾਦ ਵਿਖੇ ਕੇਸ ਦਰਜ ਕਰ ਕੇ ਵਿਭਾਗੀ ਜਾਂਚ ਸ਼ੁਰੂ ਕੀਤੀ ਗਈ ਹੈ।

## ਪੰਜਾਬ ਸਰਕਾਰ ਦੀ ਵਾਲਵੋ ਬੰਦ, ਨਿੱਜੀ ਆਪਰੇਟਰਾਂ ਨੂੰ ਪੈਸੇ ਢੇਰੀ ਕਰ ਰਹੇ ਹਨ ਐੱਨ ਆਰ ਆਈ

ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਸਰਦੀਆਂ ਦਾ ਮੌਸਮ ਲੰਘਣ ਵਾਲਾ ਹੈ ਅਤੇ ਆਪਣੇ ਵਤਨ ਆਏ ਐੱਨ ਆਰ ਆਈ ਮਜਬੂਰੀ ਵਿੱਚ ਏਅਰਪੋਰਟ ਤੋਂ ਨਿੱਜੀ ਬਸ ਆਪਰੇਟਰਾਂ ਦੀ ਵਾਲਵੋ ਨੂੰ ਕਈ ਗੁਣਾ ਵੱਧ ਕਿਰਾਇਆ ਦੇ ਕੇ ਮੁੜਨ ਲੱਗ ਪਏ ਹਨ। ਡੇਢ ਸਾਲ ਬੀਤ ਗਿਆ ਅਤੇ ਪੰਜਾਬ ਰੋਡਵੇਜ਼ ਦੀ ਜਲੰਧਰ ਤੋਂ ਇੰਦਰਾ ਗਾਂਧੀ ਇੰਟਰਨੈਸ਼ਨਲ (ਆਈ ਜੀ ਆਈ) ਏਅਰਪੋਰਟ ਦਿੱਲੀ ਜਾਣ ਵਾਲੀ ਵਾਲਵੋ ਬਸ ਸਰਵਿਸ ਅਜੇ ਤੱਕ ਸ਼ੁਰੂ ਨਹੀਂ ਹੋ ਸਕੀ।

ਸਾਲ 2018 ਦੀ ਸਰਦੀਆਂ ਵਿੱਚ ਪੰਜਾਬ ਦੇ ਨਿੱਜੀ ਬਸ ਆਪਰੇਟਰਾਂ ਦੀ ਸ਼ਿਕਾਇਤ ਉੱਤੇ ਦਿੱਲੀ ਸਰਕਾਰ ਦੇ ਟਰਾਂਸਪੋਰਟ ਅਧਿਕਾਰੀਆਂ ਨੇ ਪੰਜਾਬ ਰੋਡਵੇਜ਼ ਦੀਆਂ ਵਾਲਵੋ ਬਸਾਂ ਨੂੰ ਗੈਰ ਕਾਨੂੰਨੀ ਦੱਸ ਕੇ ਫੜਨਾ ਸ਼ੁਰੂ ਕਰ ਦਿੱਤਾ ਤੇ ਇਨ੍ਹਾਂ ਨੂੰ ਮੋਟਾ ਜੁਰਮਾਨਾ ਵੀ ਲਾਉਣ ਪਿੱਛੋਂ ਬਸ ਸੇਵਾ ਬੰਦ ਹੋ ਗਈ ਸੀ। ਪੰਜਾਬ ਰੋਡਵੇਜ਼ ਦੀ ਏਅਰਪੋਰਟ ਜਾਣ ਵਾਲੀ ਵਾਲਵੋ ਬਸ ਵਿੱਚ ਐੱਨ ਆਰ ਆਈਜ਼ ਦਾ ਭਾਰੀ ਰੁਝਾਨ ਦੇਖਿਆ ਗਿਆ ਸੀ ਅਤੇ ਇਹ ਬਹੁਤ ਸਫਲ ਸੀ। ਰੋਡਵੇਜ਼ ਦੀ ਵਾਲਵੋ ਦੇ ਸਫਲ ਵੀ ਸੀ ਅਤੇ ਏਅਰਪੋਰਟ ਯਾਤਰੀਆਂ ਦੀ ਸਹੂਲਤ ਲਈ ਪੰਜਾਬ ਰੋਡਵੇਜ਼ ਵੱਲੋਂ ਦਿਨ ਵਿੱਚ ਵੱਖ-ਵੱਖ ਸਮੇਂ 'ਤੇ ਚਲਾਈ ਜਾ ਰਹੀ ਸੀ, ਜਿਸ ਦਾ ਕਿਰਾਇਆ ਨਿੱਜੀ ਬਸ ਆਪਰੇਟਰਾਂ ਦੀ ਵਾਲਵੋ ਤੋਂ ਮਸਾਂ ਤੀਸਰਾ ਹਿੱਸਾ ਸੀ। ਪੰਜਾਬ ਰੋਡਵੇਜ਼ ਦੀ ਵਾਲਵੋ ਬਸ ਨਿੱਜੀ ਆਪਰੇਟਰਾਂ ਦੀਆਂ ਬੱਸਾਂ ਦੇ ਮੁਕਾਬਲੇ ਵਿੱਚ ਜਲਦੀ ਏਅਰਪੋਰਟ ਪਹੁੰਚਦੀ ਸੀ ਤੇ ਇਸ ਦੇ ਸਟਾਪਿਜ਼ ਵੀ ਜ਼ਿਆਦਾ ਨਹੀਂ ਸਨ। ਇਸ ਦੇ ਬੰਦ ਹੋਣ ਦੀ ਗੂੰਜ ਪੰਜਾਬ ਕੈਬਨਿਟ ਤੱਕ ਵੀ ਪਹੁੰਚੀ ਤੇ ਵਿਧਾਨ ਸਭਾ ਵਿੱਚ ਵੀ ਮਸਲਾ ਉਠਿਆ। ਇਸ ਨੂੰ ਰਾਜਸੀ ਰੰਗ ਦੇਣ ਦੀ ਵੀ ਕੋਸ਼ਿਸ਼ ਕੀਤੀ ਗਈ ਤੇ ਦਿੱਲੀ ਦੀ ਆਪ ਸਰਕਾਰ ਦੇ ਉਪਰ ਨਿਸ਼ਾਨਾ ਵੀ ਸਾਧਿਆ ਗਿਆ ਸੀ। ਮੁੱਖ ਮੰਤਰੀ ਦਫਤਰ ਤੋਂ ਟਰਾਂਸਪੋਰਟ ਮੰਤਰੀ ਤੱਕ ਨੇ ਕਿਹਾ ਕਿ ਯਾਤਰੀਆਂ ਦੀ ਸਹੂਲਤ ਲਈ ਪੰਜਾਬ ਰੋਡਵੇਜ਼ ਵਾਲਵੋ ਬਸ ਸਰਵਿਸ ਦੋਬਾਰਾ ਸ਼ੁਰੂ ਹੋਵੇਗੀ, ਪਰ ਕਦੇ ਸ਼ੁਰੂ ਨਹੀਂ ਹੋ ਸਕੀ।

## ਗਵਾਂਢਣ ਦਾ ਰੈਸਟੋਰੈਂਟ ਬੰਦ ਕਰਾਉਣ ਦੇ ਲਈ ਵਿਆਹ ਦਾ ਜਾਲ ਵਿਛਾ ਕੇ ਬਲਾਤਕਾਰ ਕੀਤਾ



ਪਟਿਆਲਾ, 3 ਫਰਵਰੀ (ਪੋਸਟ ਬਿਊਰੋ)- ਗਵਾਂਢਣ ਦਾ ਰੈਸਟੋਰੈਂਟ ਬੰਦ ਕਰਾਉਣ ਇੱਕ ਦੁਕਾਨਦਾਰ ਵੱਲੋਂ ਵਿਆਹ ਦਾ ਜਾਲ ਵਿਛਾ ਕੇ ਬਲਾਤਕ-ਾਰ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਕਰੀਬ 27 ਸਾਲਾ ਲੜਕੀ ਨੇ ਛੇ ਮਹੀਨੇ ਪਹਿਲਾਂ ਨਿਊ ਲੀਲਾ ਭਵਨ ਮਾਰਕੀਟ ਵਿਚ ਫਾਸਟ ਫੂਡ ਦਾ ਰੈਸਟੋਰੈਂਟ ਖੋਲ੍ਹਿਆ ਸੀ। ਇਸੇ ਰੈਸਟੋਰੈਂਟ ਦੇ ਉਪਰਲੀ ਮੰਜ਼ਿਲ ਉਤੇ ਦੋਸ਼ੀ ਨੌਜਵਾਨ(28 ਸਾਲ) ਨੇ ਵੀ ਰੈਸਟੋਰੈਂਟ ਖੋਲ੍ਹ ਲਿਆ, ਪਰ ਉਸ ਨੌਜਵਾਨ ਨੂੰ ਆਪਣੇ ਰੈਸਟੋਰੈਂਟ ਤੋਂ ਚੰਗੀ ਕਮਾਈ ਨਹੀਂ ਹੋਈ। ਫਿਰ ਉਸ ਉਪਰਲੀ ਮੰਜ਼ਿਲ ਦੇ ਰੈਸਟੋਰੈਂਟ ਮਾਲਕ ਨੇ ਹੇਠਲੇ ਰੈਸਟੋਰੈਂਟ ਵਾਲੀ ਲੜਕੀ ਨੂੰ ਆਪਣੇ ਪ੍ਰੇਮ ਜਾਲ ਵਿੱਚ ਫਸਾ ਲਿਆ। ਕਰੀਬ ਦੋ ਮਹੀਨੇ ਦੋਵਾਂ ਦੇ ਪ੍ਰੇਮ ਸੰਬੰਧ ਹੋਣ ਦੌਰਾਨ ਨੌਜਵਾਨ ਨੇ ਵਿਆਹ ਦੇ ਜਾਲ ਵਿੱਚ ਲੜਕੀ ਨੂੰ ਫਸਾਇਆ ਤੇ ਉਸ ਨਾਲ ਸਰੀਰਕ ਸੰਬੰਧ ਬਣਾਏ। ਦੋਵਾਂ ਹੀ ਪਰਵਾਰਾਂ ਨੂੰ ਇਨ੍ਹਾਂ ਦੋਵਾਂ ਦੇ ਰਿਸ਼ਤੇ ਦਾ ਪਤਾ ਸੀ, ਪਰ ਲੜਕਾ ਵਿਆਹ ਦੇ ਨਾਂਅ 'ਤੇ ਟਾਲਣ ਲੱਗ ਪਿਆ। 31 ਜਨਵਰੀ ਨੂੰ ਲੜਕੀ ਵਿਆਹ ਦੀ ਤਰੀਕ ਬਾਰੇ ਗੱਲ ਕਰਨ ਲੜਕੇ ਦੇ ਘਰ ਪਹੁੰਚੀ ਤਾਂ ਉਸ ਨੇ ਅਤੇ ਉਸ ਦੇ ਪਿਤਾ ਨੇ ਲੜਕੀ ਨਾਲ ਗਾਲੀ-ਗਲੋਚ ਕੀਤੀ ਅਤੇ ਲੜਕੀ ਦੀ ਕੁੱਟਮਾਰ ਕਰ ਕੇ ਘਰੋਂ ਕੱਢ ਦਿੱਤਾ, ਜਿਸ ਪਿੱਛੋਂ ਲੜਕੀ ਨੂੰ ਰਾਜਿੰਦਰਾ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ। ਚੌਕੀ ਮਾਡਲ ਟਾਊਨ ਪੁਲਸ ਨੇ ਲੜਕੀ ਦੇ ਬਿਆਨਾਂ 'ਤੇ ਦੋਸ਼ੀ ਨੌਜਵਾਨ ਸਾਹਿਬ ਸਿੰਘ ਅਤੇ ਉਸ ਦੇ ਪਿਤਾ ਜਗਜੀਤ ਸਿੰਘ ਵਾਸੀ ਸਰਾਭਾ ਨਗਰ ਪਟਿਆਲਾ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

## ਸੜਕ ਹਾਦਸੇ ਵਿੱਚ ਇੱਕ ਜਣੇ ਦੀ ਮੌਤ, ਇੱਕ ਜ਼ਖਮੀ

ਭੋਗਪੁਰ, 3 ਫਰਵਰੀ (ਪੋਸਟ ਬਿਊਰੋ)- ਕੱਲ੍ਹ ਭੋਗਪੁਰ ਨੇੜੇ ਵਾਪਰੇ ਇੱਕ ਸੜਕ ਹਾਦਸੇ ਵਿੱਚ ਇੱਕ ਨੌਜਵਾਨ ਦੀ ਮੌਤ ਹੋਣ ਅਤੇ ਇੱਕ ਦੇ ਗੰਭੀਰ ਜ਼ਖਮੀ ਹੋਣ ਦੀ ਖਬਰ ਹੈ।

ਪਤਾ ਲੱਗਾ ਹੈ ਕਿ ਰਣਵੀਰ ਸਿੰਘ ਢਿੱਲੋਂ ਪੁੱਤਰ ਮਨਜੀਤ ਸਿੰਘ ਪਿੰਡ ਤਲਵੰਡੀ ਆਬਦਾਰ ਆਪਣੇ ਮਾਮੇ ਦੇ ਪੁੱਤ ਸ਼ਰਨਜੀਤ ਸਿੰਘ ਲਵਲੀ ਪੁੱਤਰ ਜਸਵੀਰ ਸਿੰਘ ਵਾਸੀ ਭੋਗਪੁਰ ਨਾਲ ਮੋਟਰ ਸਾਈਕਲ 'ਤੇ ਤਲਵੰਡੀ ਤੋਂ ਭੋਗਪੁਰ ਵੱਲ ਜਾ ਰਿਹਾ ਸੀ। ਜਦੋਂ ਇਹ ਦੋਵੇਂ ਨੌਜਵਾਨ ਡੱਲੀ ਨੇੜੇ ਇੱਕ ਮੈਰਿਜ ਪੈਲੇਸ ਕੋਲੋਂ ਸੜਕ ਦਾ ਡਿਵਾਈਡਰ ਪਾਰ ਕਰਨ ਲੱਗੇ ਤਾਂ ਭੋਗਪੁਰ ਵੱਲੋਂ ਆਏ ਇੱਕ ਅਣਪਛਾਤੇ ਵਾਹਨ ਦੀ ਲਪੇਟ ਵਿੱਚ ਆ ਕੇ ਦੋਵੇਂ ਜ਼ਖਮੀ ਹੋ ਗਏ। ਹਾਦਸੇ ਦੀ ਸੂਚਨਾ ਉੱਤੇ ਪੁੱਜੀ ਹਾਈਵੇ ਪੈਟਰੋਲਿੰਗ ਗੱਡੀ ਦੇ ਸਟਾਫ ਨੇ ਲੋਕਾਂ ਦੀ ਮਦਦ ਨਾਲ ਜ਼ਖਮੀ ਨੌਜਵਾਨਾਂ ਨੂੰ ਸਰਕਾਰੀ ਹਸਪਤਾਲ ਕਾਲਾ ਬੱਕਰਾ ਵਿਖੇ ਪੁਚਾਇਆ, ਜਿੱਥੇ ਡਾਕਟਰਾਂ ਨੇ ਇੱਕ ਨੌਜਵਾਨ ਰਣਵੀਰ ਸਿੰਘ ਢਿੱਲੋਂ ਨੂੰ ਮ੍ਰਿਤਕ ਐਲਾਨ ਕਰ ਦਿੱਤਾ ਅਤੇ ਜ਼ਖਮੀ ਸ਼ਰਨਜੀਤ ਸਿੰਘ ਲਵਲੀ ਨੂੰ ਜਲੰਧਰ ਰੈਫਰ ਕਰ ਦਿੱਤਾ ਗਿਆ। ਮੌਕੇ 'ਤੇ ਪੁੱਜੇ ਪੁਲਸ ਚੌਕੀ ਪਚਰੰਗਾ ਦੇ ਸਟਾਫ ਨੇ ਅਗਲੀ ਕਾਰਵਾਈ ਕੀਤੀ ਹੈ। ਪੁਲਸ ਵੱਲੋਂ ਨੌਜਵਾਨ ਦੀ ਲਾਸ਼ ਨੂੰ ਸਿਵਲ ਹਸਪਤਾਲ ਜਲੰਧਰ ਭੇਜ ਦਿੱਤਾ ਗਿਆ ਹੈ। ਪੁਲਸ ਚੌਕੀ ਇੰਚਾਰਜ ਸੁਖਜੀਤ ਸਿੰਘ ਬੈਂਸ ਨੇ ਦੱਸਿਆ ਹੈ ਕਿ ਜਿਸ ਵਾਹਨ ਨਾਲ ਮੋਟਰ ਸਾਈਕਲ ਦੀ ਟੱਕਰ ਹੋਈ ਹੈ, ਉਸ ਬਾਰੇ ਕੁਝ ਪਤਾ ਨਹੀਂ ਲੱਗ ਸਕਿਆ ਹੈ।

## ਤੇਜ਼ ਰਫਤਾਰ ਕਾਰ ਵੱਲੋਂ ਵਿਦਿਆਰਥਣ ਨੂੰ ਟੱਕਰ ਕਾਰਨ ਮੌਤ

ਤਰਨ ਤਾਰਨ, 3 ਫਰਵਰੀ (ਪੋਸਟ ਬਿਊਰੋ)- ਪਿੰਡ ਸਰਹਾਲੀ ਵਿੱਚ ਤੇਜ਼ ਰਫਤਾਰ ਕਰੂਜ਼ ਕਾਰ ਨੇ ਦਸਵੀਂ ਕਲਾਸ ਦੀ ਵਿਦਿਆਰਥਣ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਸੁਖਰਾਜ ਸਿੰਘ ਪੁੱਤਰ ਕੇਵਲ ਸਿੰਘ ਪਿੰਡ ਸਰਹਾਲੀ ਕਲਾਂ ਨੇ ਦੱਸਿਆ ਕਿ ਉਸ ਦੀ ਭਤੀਜੀ ਜੈਸਮੀਨ ਕੌਰ (15) ਪੁੱਤਰੀ ਸਰਬਜੀਤ ਸਿੰਘ ਨੌਸ਼ਹਿਰਾ ਪੰਨੂਆਂ ਪਬਲਿਕ ਸਕੂਲ ਵਿੱਚ ਦਸਵੀਂ ਕਲਾਸ ਦੀ ਵਿਦਿਆਰਥਣ ਸੀ ਅਤੇ ਸਕੂਲ ਛੁੱਟੀ ਦੇ ਬਾਅਦ ਟਿਊਸ਼ਨ ਪੜ੍ਹਦੀ ਸੀ। ਰੋਜ਼ ਵਾਂਗ ਜੈਸਮੀਨ ਟਿਊਸ਼ਨ ਪੜ੍ਹ ਕੇ ਸ਼ਾਮ ਸਾਢੇ ਚਾਰ ਵਜੇ ਬਸ 'ਤੇ ਸਰਹਾਲੀ ਆਈ ਤਾਂ ਇਥੇ ਉਤਰ ਕੇ ਸੜਕ ਪਾਰ ਕਰਨ ਲੱਗੀ ਸੀ ਕਿ ਤੇਜ਼ ਰਫਤਾਰ ਕਰੂਜ਼ ਕਾਰ, ਜੋ ਤਰਨ ਤਾਰਨ ਤੋਂ ਫਿਰੋਜ਼ਪੁਰ ਵੱਲ ਜਾ ਰਹੀ ਸੀ, ਨੇ ਉਸ ਨੂੰ ਟੱਕਰ ਮਾਰ ਦਿੱਤੀ। ਜੈਸਮੀਨ ਉਛਲ ਕੇ ਸੜਕ ਕਿਨਾਰੇ ਖੰਭੇ ਨਾਲ ਜਾ ਵੱਜੀ, ਜਿਸ ਕਾਰਨ ਉਸ ਦੇ ਸਰੀਰ ਦੀਆਂ ਕਈ ਹੱਡੀਆਂ ਟੁੱਟ ਗਈਆਂ ਅਤੇ ਸਿਰ 'ਤੇ ਗੰਭੀਰ ਸੱਟ ਲੱਗੀ। ਇਸ ਪਿੱਛੋਂ ਕਾਰ ਚਾਲਕ ਫਰਾਰ ਹੋ ਗਿਆ। ਜ਼ਖਮੀ ਜੈਸਮੀਨ ਨੂੰ ਸਰਕਾਰੀ ਹਸਪਤਾਲ, ਸਰਹਾਲੀ ਕਲਾਂ ਪੁਚਾਇਆ ਗਿਆ, ਜਿੱਥੇ ਡਾਕਟਰਾਂ ਨੂੰ ਉਸ ਨੂੰ ਈ ਐੱਮ ਸੀ ਹਸਪਤਾਲ ਰੈਫਰ ਕਰ ਦਿੱਤਾ, ਪਰ ਓਥੇ ਉਸ ਦੀ ਮੌਤ ਹੋ ਗਈ। ਸੁਖਰਾਜ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿੱਚ ਬਸ ਚਾਲਕ ਦੀ ਵੀ ਲਾਪਰਵਾਹੀ ਹੈ, ਜਿਸ ਨੇ ਬਸ ਨੈਸ਼ਨਲ ਹਾਈਵੇ 'ਤੇ ਖੜ੍ਹੀ ਕਰ ਦਿੱਤੀ, ਜਦ ਕਿ ਓਥੇ ਕਰਾਸਿੰਗ ਲਾਈਨ ਵੀ ਬਣਾਈ ਗਈ ਹੈ।


FRANCHISES REQUIRED for Greece, Italy, Austria, Germany, Spain

PERMANENT IMMIGRATION
Canada within 6-12 Months

We have confirmed job offers from Canadian Employers for:

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



Subhash Punia
Immigration Counsel

Fast Track Immigration Under INVESTORS CLASS IMMIGRATION

By Appointment
MON-FRI
9:30AM - 5:30PM

Atlantic Immigration

2980 Drew rd. #230, Mississauga, ON L4T 0A7 | 905.362.0202 | 905.362.2158



# ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੋਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਥਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



# ਭਾਜਪਾ ਦੇ ਐੱਮ ਪੀ ਨੇ ਗਾਂਧੀ ਦੇ ਸਤਿਆਗ੍ਰਹਿ ਨੂੰ ਡਰਾਮਾ ਕਿਹਾ



ਬੰਗਲੌਰ, 3 ਫਰਵਰੀ (ਪੋਸਟ ਬਿਊਰੋ)- ਭੜਕਾਊ ਬਿਆਨਾਂ ਲਈ ਚਰਚਾ ਵਿੱਚ ਰਹਿਣ ਵਾਲੇ ਸਾਬਕਾ ਕੇਂਦਰੀ ਮੰਤਰੀ ਤੇ ਭਾਜਪਾ ਪਾਰਲੀਮੈਂਟ ਮੈਂਬਰ ਅਨੰਤ ਕੁਮਾਰ ਹੇਗੜੇ ਨੇ ਇਸ ਵਾਰੀ ਮਹਾਤਮਾ ਗਾਂਧੀ 'ਤੇ ਹਮਲਾ ਬੋਲਿਆ ਹੈ।

ਹੇਗੜੇ ਨੇ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਲੜੇ ਗਏ ਆਜ਼ਾਦੀ ਸੰਗਰਾਮ ਨੂੰ ਡਰਾਮਾ ਦੱਸਿਆ ਅਤੇ ਕਿਹਾ ਕਿ ਉਨ੍ਹਾਂ ਦਾ ਵਰਤ ਅਤੇ ਸਤਿਆਗ੍ਰਹਿ ਨਾਟਕ ਸੀ। ਬੰਗਲੌਰ ਵਿੱਚ ਕੱਲ੍ਹ ਇੱਕ ਰੈਲੀ ਵਿੱਚ ਹੇਗੜੇ ਨੇ ਕਿਹਾ ਕਿ ਆਜ਼ਾਦੀ ਦਾ ਪੂਰਾ ਅੰਦੋਲਨ ਅੰਗਰੇਜ਼ਾਂ ਦੀ ਸਹਿਮਤੀ ਤੇ ਸਮਰਥਨ ਨਾਲ ਚਲਾਇਆ ਗਿਆ ਸੀ। ਇਨ੍ਹਾਂ ਨੇਤਾਵਾਂ ਉੱਤੇ ਪੁਲਸ ਨੇ ਕਦੇ ਕਿਸੇ ਅੰਦੋਲਨ ਵਿੱਚ ਇੱਕ ਵਾਰ ਵੀ ਲਾਠੀਆਂ ਨਹੀਂ ਚਲਾਈਆਂ। ਇਨ੍ਹਾਂ ਨੇ ਅੰਗਰੇਜ਼ਾਂ ਦੀ ਮਨਜ਼ੂਰੀ ਨਾਲ 'ਆਜ਼ਾਦੀ ਦਾ ਡਰਾਮਾ' ਕੀਤਾ ਸੀ। ਇਹ ਆਜ਼ਾਦੀ ਅਸਲ ਲੜਾਈ ਨਹੀਂ ਸੀ। ਇਨ੍ਹਾਂ ਦਾ ਆਜ਼ਾਦੀ ਸੰਘਰਸ਼ ਦਿਖਾਵਾ ਸੀ ਅਤੇ ਇਹ ਲੋਕ ਸਾਡੇ ਦੇਸ਼ ਵਿੱਚ ਮਹਾਤਮਾ ਬਣ ਜਾਂਦੇ ਹਨ।

ਦੂਸਰੇ ਪਾਸੇ ਭਾਜਪਾ ਨੇਤਾ ਅਤੇ ਮਹਾਰਾਸ਼ਟਰ ਦੇ ਸਾਬਕਾ ਮੰਤਰੀ ਬਬਨਰਾਓ ਲੋਨੀਕਰ ਇੱਕ ਆਡੀਓ ਵਾਇਰਲ ਹੋਣ ਨਾਲ ਵਿਵਾਦਾਂ ਵਿੱਚ ਫਸ ਗਏ ਹਨ। ਆਡੀਓ ਵਿੱਚ ਬਬਨਰਾਓ ਇੱਕ ਮਹਿਲਾ ਤਹਿਸੀਲਦਾਰ ਨੂੰ ਕਹਿ ਰਹੇ ਹਨ ਕਿ ਤੂੰ ਹੀਰੋਇਨ ਜਾਪਦੀ ਏਂ। ਇਹ ਆਡੀਓ ਸੂਬੇ ਦੇ ਜਾਲਨਾ ਜ਼ਿਲੇ ਦੇ ਪਰਤੂਰ ਤਸੀਲ ਦੇ ਕਰਹਲਾ ਪਿੰਡ ਦੀ ਹੈ। ਬਬਨਰਾਓ ਸ਼ਨੀਵਾਰ ਨੂੰ ਇਥੇ ਪ੍ਰੋਗਰਾਮ ਵਿੱਚ ਆਏ ਸਨ। ਉਨ੍ਹਾਂ ਨੇ ਭਾਸ਼ਣ ਵਿੱਚ ਕਿਹਾ, ਜੇ ਜ਼ਿਲਾ ਪ੍ਰੀਸ਼ਦ ਤੇ ਪੰਚਾਇਤ ਸਮਿਤੀ ਦੇ ਮੈਂਬਰ ਫੈਸਲਾ ਕਰਨ ਤਾਂ ਅਸੀਂ ਪਰਤੂਰ ਵਿੱਚ ਸੂਬੇ ਦਾ ਸਭ ਤੋਂ ਵੱਡਾ ਮਾਰਚ ਕੱਢ ਸਕਦੇ ਹਾਂ। ਦੱਸੋ ਕਿਸ ਨੂੰ ਸੱਦਣਾ ਚਾਹੀਦੈ, ਅਸੀਂ ਇਸ ਦੇ ਲਈ ਇੱਕ ਹੀਰੋਇਨ ਬੁਲਾ ਸਕਦੇ ਹਾਂ। ਨਹੀਂ ਤਾਂ ਸਾਡੀ ਹੀਰੋਇਨ ਤਹਿਸੀਲਦਾਰ ਮੈਡਮ ਹਨ।

# ਦਹੇਜ ਵਿੱਚ ਕਾਰ ਨਾ ਮਿਲੀ ਤਾਂ ਪਤੀ ਨੇ ਤਿੰਨ ਤਲਾਕ ਦਿੱਤਾ




ਗਵਾਲੀਅਰ, 3 ਫਰਵਰੀ (ਪੋਸਟ ਬਿਊਰੋ)- ਤਿੰਨ ਤਲਾਕ ਉੱਤੇ ਰੋਕ ਦਾ ਕਾਨੂੰਨ ਬਣਨ ਪਿੱਛੋਂ ਇੱਕ 26 ਸਾਲਾ ਮਹਿਲਾ ਨੂੰ ਉਸ ਦੇ ਪਤੀ ਨੇ ਦਹੇਜ ਵਿੱਚ ਕਾਰ ਨਾ ਮਿਲਣ ਤੇ ਤਿੰਨ ਵਾਰ ਤਲਾਕ ਬੋਲ ਕੇ ਘਰੋਂ ਕੱਢ ਦਿੱਤਾ ਹੈ।

ਇਸ ਮਹਿਲਾ ਦਾ ਵਿਆਹ ਅਪ੍ਰੈਲ 2016 ਵਿੱਚ ਝਾਂਸੀ ਦੇ ਵਾਸੀ ਆਦਿਲ ਖ਼ਾਨ ਨਾਲ ਹੋਇਆ ਸੀ। ਵਿਆਹ ਦੇ ਬਾਅਦ ਤੋਂ ਮਹਿਲਾ ਨੂੰ ਦਹੇਜ ਵਿੱਚ ਕਾਰ ਲਿਆਉਣ ਲਈ ਤੰਗ ਕੀਤਾ ਜਾਣ ਲੱਗਾ। ਇਸ ਦੌਰਾਨ ਉਸਦਾ ਇੱਕ ਬੇਟਾ ਵੀ ਹੋਇਆ। ਦਹੇਜ ਵਿੱਚ ਕਾਰ ਨਾ ਮਿਲਣ 'ਤੇ ਉਸ ਨਾਲ ਮਾਰਕੁੱਟ ਹੋਣ ਲੱਗੀ ਅਤੇ ਉਸ ਦਾ ਸਹੁਰਾ ਤੇ ਦੇਵਰ ਛੇੜਛਾੜ ਵੀ ਕਰਨ ਲੱਗੇ। ਅੰਤ ਵਿੱਚ ਇਹ ਚਾਰ ਮਹੀਨੇ ਪਹਿਲਾ ਆਪਣਾ ਬੇਟਾ ਲੈ ਕੇ ਗਵਾਲਿਆਰ ਪੇਕੇ ਆ ਗਈ। 28 ਜਨਵਰੀ ਨੂੰ ਆਦਿਲ ਆਪਣੇ ਪਿਤਾ ਨਾਲ ਗਵਾਲਿਆਰ ਆਇਆ ਅਤੇ ਜ਼ਬਾਨੀ ਰੂਪ ਨਾਲ ਤਿੰਨ ਤਲਾਕ ਦੇ ਕੇ ਰਿਸ਼ਤਾ ਖਤਮ ਕਰ ਦਿੱਤਾ। ਉਹ ਇਹ ਵੀ ਕਹਿ ਗਿਆ ਕਿ ਦੁਬਾਰਾ ਨਿਕਾਹ ਕਰਨ ਦੇ ਲਈ ਉਸ ਦੇ ਪਿਤਾ ਨਾਲ ਹਲਾਲਾ ਕਰਨਾ ਹੋਵੇਗਾ।

ਪੁਲਸ ਨੇ ਇਸ ਪੀੜਤ ਮਹਿਲਾ ਦੇ ਪਤੀ ਆਦਿਲ ਖ਼ਾਨ (28), ਸਹੁਰਾ ਆਜ਼ਾਦ ਖ਼ਾਨ ਤੇ ਦੇਵਰ ਆਬਿਦ ਖ਼ਾਨ ਦੇ ਖ਼ਿਲਾਫ਼ ਮੁਸਲਮ ਮਹਿਲਾ ਵਿਆਹ ਸੁਰੱਖਿਆ ਕਾਨੂੰਨ-2019 ਦੇ ਤਹਿਤ ਕੇਸ ਦਰਜ ਕੀਤਾ ਅਤੇ ਤਿੰਨਾਂ ਦੋਸ਼ੀਆਂ ਉਤੇ ਦਹੇਜ ਦੀ ਪਾਬੰਦੀ ਦੇ ਕਾਨੂੰਨ, ਛੇੜਛਾੜ ਅਤੇ ਮਾਰਕੁੱਟ ਦਾ ਮਾਮਲਾ ਵੀ ਦਰਜ ਕੀਤਾ ਗਿਆ ਹੈ।

# ਸੁਪਰੀਮ ਕੋਰਟ ਨੇ ਕਿਹਾ; ਸਬਰੀਮਾਲਾ ਮੰਦਰ ਵਿੱਚ ਔਰਤਾਂ ਦੇ ਦਾਖਲੇ ਵਾਲੇ ਮੁੱਦੇ ਉੱਤੇ ਹਾਲੇ ਚਰਚਾ ਨਹੀਂ



ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਵੱਖ-ਵੱਖ ਧਰਮਾਂ ਵਿੱਚ ਔਰਤਾਂ ਵਿਰੁੱਧ ਵਿਤਕਰੇ ਨਾਲ ਨਜਿੱਠਣ ਬਾਰੇ ਚਰਚਾ ਦੇ ਮੁੱਦੇ ਤੈਅ ਕਰਨ ਦੀ ਪ੍ਰਕਿਰਿਆ ਸੋਮਵਾਰ ਸ਼ੁਰੂ ਕੀਤੀ ਤੇ ਕਿਹਾ ਕਿ ਕੇਰਲ ਦੇ ਸਬਰੀਮਾਲਾ ਮੰਦਰ ਵਿੱਚ ਸਭ ਉਮਰ ਵਰਗ ਦੀਆਂ ਔਰਤਾਂ ਦੇ ਦਾਖਲੇ ਦੇ ਮਾਮਲੇ ਉੱਤੇ ਉਹ ਅਜੇ ਚਰਚਾ ਨਹੀਂ ਕਰ ਰਹੇ।

ਚੀਫ ਜਸਟਿਸ ਐੱਸ ਏ ਬੋਬੜੇ ਦੀ ਪ੍ਰਧਾਨਗੀ ਹੇਠਲੇ 9 ਮੈਂਬਰੀ ਬੈਂਚ ਨੇ ਕਿਹਾ ਕਿ ਉਹ ਇਸ ਕੇਸ ਦੇ ਤੈਅ ਕੀਤੇ ਗਏ ਕਾਨੂੰਨੀ ਪ੍ਰਸ਼ਨਾਂ ਤੇ ਸਮੇਂ ਦੀ ਹੱਦ ਬਾਰੇ ਸਾਰੇ ਪੱਖਾਂ ਨੂੰ 6 ਫਰਵਰੀ ਦੱਸਣਗੇ। ਬੈਂਚ ਇਸ ਬਾਰੇ ਵਿਚਾਰ ਵੀ ਕਰੇਗਾ ਕਿ ਕੀ ਮੁੜ ਵਿਚਾਰ ਲਈ ਇਸ ਵਿਸ਼ੇ ਨੂੰ ਵੱਡੇ ਬੈਂਚ ਦੇ ਹਵਾਲੇ ਕੀਤਾ ਜਾਵੇ ਜਾਂ ਨਹੀਂ? ਸੁਣਵਾਈ ਦੌਰਾਨ ਸੀਨੀਅਰ ਵਕੀਲ ਐੱਫ ਐੱਸ ਨਰੀਮਨ, ਕਪਿਲ ਸਿੱਬਲ, ਸ਼ਾਮ ਦੀਵਾਨ ਅਤੇ ਹੋਰਨਾਂ ਨੇ ਕਿਹਾ ਕਿ ਮੁੜ ਵਿਚਾਰ ਦੇ ਘੇਰੇ ਵਿੱਚ ਆ ਰਹੇ ਮੁੱਦਿਆਂ ਨੂੰ ਵਿਸ਼ਾਲ ਬੈਂਚ ਕੋਲ ਨਹੀਂ ਭੇਜਿਆ ਜਾ ਸਕਦਾ। ਸੀਨੀਅਰ ਐਡਵੋਕੇਟਾਂ ਨੇ ਦਲੀਲ ਦਿੱਤੀ ਕਿ ਮੁੜ ਵਿਚਾਰ ਦੇ ਕੇਸ ਵਿੱਚ ਸੰਭਾਵਨਾਵਾਂ ਬਹੁਤ ਸੀਮਿਤ ਹੁੰਦੀਆਂ ਹਨ ਤੇ ਕੋਰਟ ਸਿਰਫ਼ ਇੰਨਾ ਦੇਖ ਸਕਦੀ ਹੈ ਕਿ ਸਮੀਖਿਆ ਹੇਠਲੇ ਫੈਸਲੇ ਵਿੱਚ ਕੋਈ ਸਪੱਸ਼ਟ ਗਲਤੀ ਤਾਂ ਨਹੀਂ।

ਸਾਲੀਸਿਟਰ ਜਨਰਲ ਤੁਸ਼ਾਰ ਮਹਿਤਾ, ਸੀਨੀਅਰ ਐਡਵੋਕੇਟ ਕੇ. ਪਰਾਸਨਰ ਅਤੇ ਰਣਜੀਤ ਕੁਮਾਰ ਨੇ ਏਦਾਂ ਦੀ ਦਲੀਲ ਦਾ ਵਿਰੋਧ ਕੀਤਾ ਤੇ ਕਿਹਾ ਕਿ ਸੁਪਰੀਮ ਕੋਰਟ ਇਸ ਕੇਸ ਉੱਤੇ ਫੈਸਲੇ ਵਿੱਚ ਉਠਾਏ ਗਏ ਵੱਡੇ ਮੁੱਦੇ ਉੱਤੇ ਮੁੜ ਵਿਚਾਰ ਲਈ ਵੱਡੀ ਬੈਂਚ ਦੇ ਹਵਾਲੇ ਕਰ ਸਕਦੀ ਹੈ। ਬੈਂਚ ਨੇ ਕਿਹਾ ਕਿ ਉਹ ਸਾਰੇ ਮੁੱਦਿਆਂ ਨੂੰ ਦੇਖੇਗੀ ਤੇ ਉਨ੍ਹਾਂ ਸਵਾਲਾਂ ਨੂੰ ਤੈਅ ਕਰੇਗੀ, ਜਿਸ ਦਾ ਫੈਸਲਾ 9 ਜੱਜਾਂ ਦੀ ਬੈਂਚ ਨੇ ਕਰਨਾ ਹੈ।

# ਬਲਾਤਕਾਰ ਪੀੜਤਾ ਉਤੇ ਘਰ ਵਿੱਚ ਵੜ ਕੇ ਤੇਜ਼ਾਬ ਸੁੱਟਿਆ



ਹਾਪੁੜ, 3 ਫਰਵਰੀ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਹਾਪੁੜ ਦੇ ਪਿੰਡ ਵਿੱਚ ਨਾਬਾਲਗ ਨਾਲ ਸਮੂਹਿਕ ਬਲਾਤਕਾਰ ਦੇ ਬਾਅਦ ਪੀੜਤਾ ਉੱਤੇ ਦੋਸ਼ੀ ਧਿਰ ਦੇ ਲੋਕਾਂ ਨੇ ਘਰ ਵਿੱਚ ਵੜ ਕੇ ਤੇਜ਼ਾਬ ਨਾਲ ਹਮਲਾ ਕਰ ਦਿੱਤਾ। ਪੀੜਤਾ ਦਾ ਪੈਰ ਬੁਰੀ ਤਰ੍ਹਾਂ ਨਾਲ ਝੁਲਸ ਗਿਆ। ਹਮਲੇ ਦਾ ਵਿਰੋਧ ਕਰਨ 'ਤੇ ਪੀੜਤਾ ਦੇ ਮਾਤਾ-ਪਿਤਾ ਅਤੇ ਭਰਾ ਨੂੰ ਕੁੱਟਮਾਰ ਕਰ ਕੇ ਜ਼ਖਮੀ ਕਰ ਦਿੱਤਾ। ਪੁਲਸ ਨੇ ਪੀੜਤਾ ਅਤੇ ਉਸ ਦੇ ਘਰਦਿਆਂ ਨੂੰ ਹਸਪਤਾਲ ਭਰਤੀ ਕਰਾਇਆ ਹੈ।

ਪਤਾ ਲੱਗਾ ਹੈ ਕਿ ਬਲਾਤਕਾਰ ਦੇ ਮਾਮਲੇ ਵਿੱਚ ਸੱਤ ਫਰਵਰੀ ਨੂੰ ਅਦਾਲਤ ਵਿੱਚ ਪੀੜਤਾ ਦੇ ਬਿਆਨ ਦਰਜ ਹੋਣੇ ਹਨ। ਦੋਸ਼ੀ ਉਸ 'ਤੇ ਸਮਝੌਤੇ ਲਈ ਦਬਾਅ ਬਣਾ ਰਹੇ ਸਨ। ਪੀੜਤਾ ਦੇ ਪਿਤਾ ਨੇ ਦੱਸਿਆ ਕਿ 16 ਜੁਲਾਈ 2019 ਨੂੰ ਉਸ ਦੀ ਨਾਬਾਲਗ ਬੇਟੀ ਨਾਲ ਪਿੰਡ ਦੇ ਦੋ ਨੌਜਵਾਨਾਂ ਨੇ ਘਰ ਵਿੱਚ ਵੜ ਕੇ ਬਲਾਤਕਾਰ ਕੀਤਾ ਸੀ। ਦੋਵਾਂ ਦੇ ਖਿਲਾਫ ਕੇਸ ਦਰਜ ਹੋਇਆ ਸੀ, ਜਿਸ ਦਾ ਇੱਕ ਦੋਸ਼ੀ ਜੇਲ੍ਹ ਵਿੱਚ ਹੈ। ਦੂਸਰੇ ਨੂੰ ਪੁਲਸ ਗ੍ਰਿਫਤਾਰ ਨਹੀਂ ਕਰ ਸਕੀ। ਉਸ ਦੂਸਰੇ ਦੋਸ਼ੀ ਦੇ ਘਰ ਵਾਲੇ ਲਗਾਤਾਰ ਪੀੜਤ ਧਿਰ 'ਤੇ ਸਮਝੌਤੇ ਦਾ ਦਬਾਅ ਬਣਾ ਰਹੇ ਸਨ। ਦੋਸ਼ ਹੈ ਕਿ ਕੱਲ੍ਹ ਸਵੇਰੇ ਦੋਸ਼ੀ ਧਿਰ ਦੇ ਅੱਠ-ਦਸ ਲੋਕ ਨਾਜਾਇਜ਼ ਹਥਿਆਰ ਲੈ ਕੇ ਪੀੜਤ ਦੇ ਘਰ ਵਿੱਚ ਵੜ ਗਏ ਅਤੇ ਹਮਲਾ ਕਰ ਦਿੱਤਾ। ਕੁੱਟਮਾਰ ਵਿੱਚ ਬਲਾਤਕਾਰ ਪੀੜਤਾ ਦੀ ਮਾਂ, ਭਰਾ ਅਤੇ ਪਿਤਾ ਗੰਭੀਰ ਜ਼ਖਮੀ ਹੋ ਗਏ। ਦੋਸ਼ੀਆਂ ਨੇ ਬਲਾਤਕਾਰ ਪੀੜਤਾ 'ਤੇ ਤੇਜ਼ਾਬ ਸੁੱਟ ਦਿੱਤਾ। ਤੇਜ਼ਾਬ ਪੀੜਤਾ ਦੇ ਪੈਰਾਂ 'ਤੇ ਡਿੱਗਿਆ, ਜਿਸ ਕਾਰਨ ਉਸ ਦਾ ਇੱਕ ਪੈਰ ਬੁਰੀ ਤਰ੍ਹਾਂ ਝੁਲਸ ਗਿਆ। ਰੌਲਾ ਸੁਣ ਕੇ ਲੋਕਾਂ ਨੂੰ ਇਕੱਠੇ ਹੁੰਦੇ ਦੇਖ ਕੇ ਦੋਸ਼ੀ ਫਰਾਰ ਹੋ ਗਏ। ਏ ਐੱਸ ਪੀ ਸਰਵੇਸ਼ ਕੁਮਾਰ ਮਿਸ਼ਰਾ ਨੇ ਦੱਸਿਆ ਕਿ ਦੋਵਾਂ ਧਿਰਾਂ ਦੇ ਵਿੱਚ ਪੁਰਾਣੀ ਰੰਜਿਸ਼ ਹੈ। ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ।

# ਫਰੂਖਾਬਾਦ ਬੰਧਕ ਮਾਮਲੇ ਵਿਚ ਮਾਰੇ ਗਏ ਦੋਸ਼ੀਆਂ ਦੀ ਧੀ ਨੂੰ ਆਈ ਜੀ ਅਗਰਵਾਲ ਵੱਡੀ ਪੁਲਸ ਅਫਸਰ ਬਣਾਉਣਗੇ

ਲਖਨਊ, 3 ਫਰਵਰੀ (ਪੋਸਟ ਬਿਊਰੋ)- ਫਰੂਖਾਬਾਦ ਵਿੱਚ ਬੱਚਿਆਂ ਨੂੰ ਬੰਦੀ ਬਣਾਉਣ ਵਾਲੇ ਦੋਸ਼ੀ ਪਤੀ-ਪਤਨੀ ਸੁਭਾਸ਼ ਬਾਥਮ ਤੇ ਰੂਬੀ ਦੀ ਇਕ ਸਾਲ ਦੀ ਅਨਾਥ ਬੱਚੀ ਦੀ ਸਿੱਖਿਆ ਦਾ ਪੂਰਾ ਖਰਚ ਚੁੱਕਣ ਅਤੇ ਉਸ ਨੂੰ ਆਪਣੇ ਵਾਂਗ ਆਈ ਪੀ ਐੱਸ ਅਧਿਕਾਰੀ ਬਣਾਉਣ ਦੀ ਗੱਲ ਕਾਨ-ਪੁਰ ਰੇਂਜ ਦੇ ਪੁਲਸ ਇੰਸਪੈਕਟਰ ਜਨਰਲ ਨੇ ਕਹੀ ਹੈ।



ਵਰਨਣ ਯੋਗ ਹੈ ਕਿ ਫਰੂਖਾਬਾਦ ਵਿੱਚ ਵੀਰਵਾਰ (30 ਜਨਵਰੀ) ਨੂੰ ਬੇਟੀ ਦੇ ਜਨਮ ਦਿਨ ਦੀ ਪਾਰਟੀ ਦੇ ਬਹਾਨੇ 23 ਬੱਚਿਆਂ ਨੂੰ ਆਪਣੇ ਘਰ ਸੱਦ ਕੇ ਬੰਦੀ ਬਣਾਉਣ ਵਾਲੇ ਬਾਥਮ ਨੂੰ ਪੁਲਸ ਨੇ ਕਰੀਬ 11 ਘੰਟੇ ਲੰਬੀ ਮੁਹਿੰਮ ਪਿੱਛੋਂ ਮੁਕਾਬਲੇ ਵਿੱਚ ਮਾਰ ਦਿੱਤਾ ਸੀ। ਉਸੇ ਮੌਕੇ ਦੌੜਨ ਦੀ ਕੋਸ਼ਿਸ਼ ਕਰਦੀ ਉਸ ਦੀ ਪਤਨੀ ਰੂਬੀ ਪਿੰਡ ਵਾਸੀਆਂ ਦੇ ਹੱਥ ਲੱਗ ਗਈ, ਜਿਨ੍ਹਾਂ ਦੀ ਕੁੱਟ ਨਾਲ ਉਸ ਦੀ ਮੌਤ ਹੋ ਗਈ। ਇਸ ਦੌਰਾਨ ਸਾਰੇ ਬੱਚਿਆਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਸੀ। ਬਾਥਮ ਤੇ ਰੂਬੀ ਦੀ ਮੌਤ ਮਗਰੋਂ ਉਨ੍ਹਾਂ ਦੀ ਬੇਟੀ ਗੌਰੀ ਦੀ ਜ਼ਿੰਮੇਵਾਰੀ ਕਾਨ-ਪੁਰ ਰੇਂਜ ਦੇ ਆਈ ਜੀ ਮੋਹਿਤ ਅਗਰਵਾਲ ਨੇ ਚੁੱਕਣ ਦਾ ਫੈਸਲਾ ਕੀਤਾ ਹੈ।

ਇਸ ਸੰਬੰਧ ਵਿੱਚ ਅਗਰਵਾਲ ਨੇ ਕਿਹਾ, 'ਇਸ ਅਨਾਥ ਬੱਚੀ ਦੀ ਮਾਸੂਮੀਅਤ ਦੇਖ ਕੇ ਪੁਲਸ ਵਿਭਾਗ ਦਾ ਦਿਲ ਪਸੀਜ ਗਿਆ। ਬੱਚੀ ਨੂੰ ਹਾਲੇ ਅਸੀਂ ਫਰੂਖਾਬਾਦ ਦੀ ਇਕ ਮਹਿਲਾ ਪੁਲਸ ਮੁਲਾਜ਼ਮ ਰਜਨੀ ਕੋਲ ਰੱਖਿਆ ਹੈ। ਉਸ ਦੀ ਚੰਗੀ ਦੇਖਭਾਲ ਹੋ ਰਹੀ ਹੈ।' ਉਨ੍ਹਾਂ ਕਿਹਾ, 'ਮੇਰੀ ਇੱਛਾ ਹੈ ਕਿ ਬੱਚੀ ਨੂੰ ਮੈਂ ਆਪਣੇ ਵਾਂਗ ਆਈ ਪੀ ਐੱਸ ਅਫ਼ਸਰ ਬਣਾਵਾਂ। ਮੈਂ ਬੈਂਕ ਵਿੱਚ ਖਾਤਾ ਖੋਲ੍ਹ ਰਿਹਾ ਹਾਂ, ਜਿਸ ਵਿੱਚ ਮੈਂ ਹਮੇਸ਼ਾ ਪੈਸੇ ਪਾਉਂਦਾ ਰਹਾਂਗਾ ਤਾਂ ਕਿ ਗੌਰੀ ਦੀ ਸਿੱਖਿਆ ਤੇ ਪਾਲਣ-ਪੋਸ਼ਣ ਦੀ ਪਰੇਸ਼ਾਨੀ ਨਾ ਆਏ।' ਅਗਰਵਾਲ ਨੇ ਕਿਹਾ ਕਿ ਗੌਰੀ ਨੂੰ ਗੋਦ ਲੈਣ ਲਈ ਦੇਸ਼-ਵਿਦੇਸ਼ ਤੋਂ ਕਈ ਲੋਕਾਂ ਨੇ ਸੰਪਰਕ ਕੀਤਾ ਹੈ, ਪਰ ਅਸੀਂ ਜਾਂਚ ਤੇ ਕਾਨੂੰਨੀ ਪ੍ਰਕਿਰਿਆ ਪੂਰੀ ਕੀਤੇ ਬਿਨਾਂ ਉਸ ਨੂੰ ਕਿਸੇ ਨੂੰ ਨਹੀਂ ਦੇ ਸਕਦੇ। ਜੇ ਕੋਈ ਪਰਿਵਾਰ ਉਸ ਨੂੰ ਗੋਦ ਲੈਂਦਾ ਵੀ ਹੈ ਤਾਂ ਮੈਂ ਉਸ ਦੇ ਪਾਲਣ-ਪੋਸ਼ਣ ਉੱਤੇ ਨਿੱਜੀ ਰੂਪ ਵਿੱਚ ਨਜ਼ਰ ਰੱਖਾਂਗਾ।' ਉਨ੍ਹਾ ਕਿਹਾ ਕਿ ਸਾਡੀ ਕੋਸ਼ਿਸ਼ ਹੋਵੇਗੀ ਕਿ ਇਸ ਬੱਚੀ ਨੂੰ ਪੁਲਸ ਵਿੱਚ ਤਾਇਨਾਤ ਕੋਈ ਜੋੜਾ ਗੋਦ ਲੈ ਲਵੇ ਤਾਂ ਕਿ ਉਸ ਨੂੰ ਬਿਹਤਰ ਪਾਲਣ-ਪੋਸ਼ਣ ਮਿਲਦਾ ਰਹਿ ਸਕੇ।



*ਮੁਲਜ਼ਿਮ ਸੁਭਾਸ਼ ਬਾਥਮ ਦੀ ਫਾਇਲ ਫੋਟੋ।*

# ਵਾਟਸ ਐਪ ਅਤੇ ਕਿਊ ਆਰ ਕੋਡ ਨਾਲ ਵੀ ਹੋ ਰਹੇ ਹਨ ਫਰਾਡ, ਸਾਵਧਾਨੀ ਦੀ ਲੋੜ

ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਨੋਇਡਾ ਵਿੱਚ ਇਕ ਸ਼ਖ਼ਸ ਨਾਲ ਗਾਇਬ ਹੋਣ ਵਾਲੀ ਇੰਕ ਦੀ ਮਦਦ ਨਾਲ ਠੱਗੀ ਦਾ ਕੇਸ ਪਤਾ ਲੱਗਾ ਹੈ, ਜਿਸ ਤੋਂ ਬਾਅਦ ਇਕ ਵਾਰ ਫਿਰ ਆਨਲਾਈਨ ਤੇ ਆਫਲਾਈਨ ਫਰਾਡ ਦੇ ਕੇਸਾਂ ਬਾਰ ਚਿੰਤਾ ਵਧਣ ਲੱਗੀ ਹੈ। ਮੋਬਾਈਲ ਜਾਂ ਈਮੇਲ ਉੱਤੇ ਲਿੰਕ ਭੇਜ ਕੇ ਠੱਗੀ ਕਰਨ ਦਾ ਕੇਸ ਹੋਵੇ ਜਾਂ ਏ ਟੀ ਐੱਮ ਤੋਂ ਕਲੋਨਿੰਗ ਕਰਨ ਦਾ, ਸਾਈਬਰ ਅਪਰਾਧੀਆਂ ਨੇ ਬੈਂਕਿੰਗ ਸਿਸਟਮ ਦੀ ਸੁਰੱਖਿਆ ਨੂੰ ਸੰਨ੍ਹ ਲਾ ਕੇ ਫਰਾਡ ਕੀਤੇ ਅਤੇ ਲੋਕਾਂ ਦੇ ਖਾਤਿਆਂ ਵਿੱਚੋਂ ਲੱਖਾਂ ਰੁਪਏ ਉਡਾਏ ਹਨ। ਤੁਹਾਡੇ ਵਾਟਸ ਐਪ ਜਾਂ ਈਮੇਲ ਉੱਤੇ ਆਏ ਇਕ ਅਣਜਾਣ ਲਿੰਕ ਉੱਤੇ ਕਲਿੱਕ ਕਰਨ ਨਾਲ ਤੁਹਾਡੇ ਖਾਤੇ ਵਿੱਚ ਜਮ੍ਹਾਂ ਰਕਮ ਕੁਝ ਹੀ ਮਿੰਟਾਂ ਵਿੱਚ ਉੱਡ ਸਕਦੀ ਹੈ।

ਸਾਈਬਰ ਅਪਰਾਧੀਆਂ ਨੇ ਠੱਗੀ ਦਾ ਢੰਗ ਬਦਲ ਦਿੱਤਾ ਹੈ ਤੇ ਅੱਜ ਕੱਲ੍ਹ ਸਕੀਮਰ ਲਗਾ ਕੇ ਕਾਰਡ ਕਲੋਨਿੰਗ ਦੀ ਮਦਦ ਨਾਲ ਪੈਸੇ ਚੋਰੀ ਕਰ ਰਹੇ ਜਾਲਸਾਜ਼ ਨਵੇਂ ਤਰੀਕੇ ਅਪਣਾ ਰਹੇ ਹਨ। ਜੇ ਸਮਾਂ ਰਹਿੰਦੇ ਲੋਕ ਨਾ ਸੰਭਲੇ ਤਾਂ ਉਨ੍ਹਾਂ ਦੇ ਬੈਂਕ ਖਾਤੇ ਵਿੱਚ ਰੱਖੀ ਜਮ੍ਹਾਂ ਪੂੰਜੀ ਇਨ੍ਹਾਂ ਹੈਕਰਜ਼ ਕੋਲ ਪਹੁੰਚ ਜਾਵੇਗੀ। ਕਾਰਡ ਕਲੋਨਿੰਗ ਨਾਲ ਰਕਮ ਕੱਢਣ ਤੋਂ ਬਾਅਦ ਜਾਅਲਸਾਜ਼ਾਂ ਨੇ ਨਵਾਂ ਤਰੀਕਾ ਕੱਢਿਆ ਹੈ। ਉਹ ਪ੍ਰਮੁੱਖ ਕੰਪਨੀਆਂ ਨਾਲ ਮਿਲਦੀ-ਜੁਲਦੀ ਵੈੱਬਸਾਈਟ ਬਣਾ ਕੇ ਲੋਕਾਂ ਨੂੰ ਗੁਮਰਾਹ ਕਰਦੇ ਹਨ। ਇਨ੍ਹਾਂ ਦੇ ਨਿਸ਼ਾਨੇ ਉੱਤੇ ਆਨਲਾਈਨ ਸ਼ੌਪਿੰਗ ਕਰਨ ਵਾਲੇ ਲੋਕ ਸਭ ਤੋਂ ਵੱਧ ਹਨ।



ਜਾਲਸਾਜ਼ ਅੱਜ ਕੱਲ੍ਹ ਕਿਊ ਆਰ (ਕੁਇਕ ਰਿਸਪਾਂਸ ਕੋਡ) ਦੇ ਲਿੰਕ ਨਾਲ ਬੈਂਕ ਖਾਤੇ ਹੈਕ ਕਰਨ ਲੱਗੇ ਹਨ। ਉਹ ਕਈ ਆਨਲਾਈਨ ਕੰਪਨੀਆ ਅਤੇ ਵੈੱਬਸਾਈਟਜ਼ ਉੱਤੇ ਖਰੀਦਦਾਰੀ ਕਰਨ ਵਾਲਿਆਂ ਨੂੰ ਝਾਂਸੇ ਵਿੱਚ ਲੈ ਕੇ ਫਿਰ ਡੀਲ ਫਾਈਨਲ ਕਰ ਕੇ ਪੇਮੈਂਟ ਦੀ ਗੱਲ ਕਰਦੇ ਅਤੇ ਤੁਹਾਡੇ ਨੰਬਰ ਉੱਤੇ ਇਕ ਲਿੰਕ ਭੇਜਦੇ ਹਨ। ਜਦੋਂ ਲੋਕ ਉਸ ਲਿੰਕ ਉੱਤੇ ਕਲਿੱਕ ਕਰਦੇ ਹਨ, ਠੱਗ ਲੋਕਾਂ ਦੇ ਮੋਬਾਈਲ ਫੋਨ ਦਾ ਕਿਊ ਆਰ ਕੋਡ ਸਕੈਨ ਕਰ ਕੇ ਖਾਤੇ ਤੋਂ ਰਕਮ ਕੱਢ ਦਿੰਦੇ ਹਨ।

# ਭੈਣ ਨੂੰ ਮਿਲਣ ਜਾਂਦੇ ਫੌਜੀ ਦੀ ਕਾਰ ਰੁੱਖ ਨਾਲ ਟਕਰਾ ਕੇ ਮੌਤ

ਸ੍ਰੀ ਖਡੂਰ ਸਾਹਿਬ, 3 ਫਰਵਰੀ (ਪੋਸਟ ਬਿਊਰੋ)- ਭੈਣ ਨੂੰ ਮਿਲਣ ਜਾਂਦੇ ਫੌਜੀ ਦੀ ਕਾਰ ਰੁੱਖ ਵਿੱਚ ਵੱਜਣ ਕਰ ਕੇ ਮੌਕੇ 'ਤੇ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਫੌਜੀ ਬਲਜੀਤ ਸਿੰਘ ਪੁੱਤਰ ਸੁਖਦੇਵ ਸਿੰਘ ਪਿੰਡ ਚੌਹਾਨ ਨੇੜੇ ਜੰਡਿਆਲਾ ਗੁਰੂ ਜ਼ਿਲਾ ਅੰਮ੍ਰਿਤਸਰ ਕਾਰ ਵਿੱਚ ਆਪਣੀ ਭੈਣ, ਜੋ ਤਹਿਸੀਲ ਖਡੂਰ ਸਾਹਿਬ ਦੇ ਪਿੰਡ ਸਹਿੰਸਰਾ ਵਿਖੇ ਵਿਆਹੀ ਹੋਈ ਹੈ ਅਤੇ ਖਡੂਰ ਸਾਹਿਬ ਦਵਾਈ ਲੈਣ ਗਈ ਹੋਈ ਸੀ, ਨੂੰ ਘਰ ਲਿਆਉਣ ਲਈ ਗਿਆ। ਜਦ ਉਹ ਪਿੰਡ ਸਹਿੰਸਰਾ ਤੋਂ ਖਡੂਰ ਸਾਹਿਬ ਨੂੰ ਆ ਰਿਹਾ ਸੀ ਤਾਂ ਸ਼ਾਮ ਦੇ ਵਕਤ ਵੈਰੋਵਾਲ, ਜੰਡਿਆਲਾ ਗੁਰੂ ਰੋਡ 'ਤੇ ਪਿੰਡ ਨਾਗੋਕੇ ਮੋੜ ਨੇੜੇ ਗੁਰਦੁਆਰਾ ਸ਼ਹੀਦ ਬਾਬਾ ਡੱਲਾ ਦੇ ਸਾਹਮਣੇ ਕਾਰ ਰੁੱਖ ਵਿੱਚ ਵੱਜਣ ਨਾਲ ਬਲਜੀਤ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ। ਦੱਸਿਆ ਜਾ ਰਿਹਾ ਹੈ ਕਿ ਬਲਜੀਤ ਸਿੰਘ ਕੱਲ੍ਹ ਹੀ ਫੋਜ ਤੋਂ ਰਿਟਾਇਰ ਹੋ ਕੇ ਆਇਆ ਸੀ। ਉਹ ਆਪਣੇ ਪਿੱਛੇ ਪਤਨੀ, ਦੋ ਬੱਚੇ ਇੱਕ ਬੇਟਾ 12 ਸਾਲ ਅਤੇ ਇੱਕ ਬੇਟੀ 10 ਸਾਲ ਨੂੰ ਛੱਡ ਗਿਆ ਹੈ।

# ਟਿਕ-ਟੌਕ ਵਰਤਣ ਵਿੱਚ ਭਾਰਤੀ ਲੋਕ ਪਹਿਲੇ ਨੰਬਰ ਉੱਤੇ

ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਸ਼ਾਰਟ ਵੀਡੀਓ ਮੇਕਿੰਗ ਪਲੇਟਫਾਰਮ ਟਿਕ-ਟੌਕ ਨੂੰ ਭਾਰਤ ਵਿੱਚ ਆਏ ਨੂੰ ਅਜੇ ਕੁਝ ਸਾਲ ਹੋਏ ਹਨ। ਇਨ੍ਹਾਂ ਸਾਲਾਂ ਵਿੱਚ ਭਾਰਤੀ ਲੋਕਾਂ ਵਿਚਾਲੇ ਇਸ ਵੀਡੀਓ ਮੇਕਿੰਗ ਪਲੇਟਫਾਰਮ ਦਾ ਕ੍ਰੇਜ ਬਣ ਗਿਆ ਹੈ। ਇਸ ਦੀ ਵਰਤੋਂ ਕਰ ਕੇ ਕਈ ਲੁਕੇ ਹੋਏ ਟੈਲੇਂਟ ਸਾਹਮਣੇ ਨਿਕਲ ਆਏ ਹਨ।

ਵਰਨਣ ਯੋਗ ਹੈ ਕਿ ਇਸ ਪਲੇਟਫਾਰਮ ਉੱਤੇ ਕੋਈ ਵੀ ਆਪਣੀ ਕਲਾ ਨੂੰ ਪ੍ਰਮੋਟ ਕਰ ਸਕਦਾ ਅਤੇ ਮਨਪਸੰਦੀਦਾ ਕਲਾਕਾਰ ਬਣ ਸਕਦਾ ਹੈ। ਇਸ ਐਪ ਨਾਲ ਕਈ ਅਜਿਹੇ ਟੈਲੇਂਟ ਸਾਹਮਣੇ ਆਏ ਹਨ ਜਿਸ ਤੋਂ ਬਾਅਦ ਕਈਆਂ ਨੂੰ ਕਾਫੀ ਨੇਮ ਅਤੇ ਫੇਮ ਮਿਲਿਆ ਹੈ। ਟਿਕ-ਟੌਕ ਦਾ ਅੰਦਾਜ਼ਾ ਇਸ ਗੱਲ਼ ਤੋਂ ਲਾਇਆ ਜਾ ਸਕਦਾ ਹੈ ਕਿ ਸਾਲ 2019 ਵਿੱਚ ਇਸ ਐਪ ਉੱਤੇ ਭਾਰਤੀਆਂ ਨੇ 550 ਕਰੋੜ ਘੰਟੇ ਸਮਾਂ ਕੱਟਿਆ ਹੈ। ਇਸ ਬਾਰੇ ਐਪ ਐਨੀ ਦੀ ਰਿਪੋਰਟ ਹੈ ਕਿ ਇਸ ਵੀਡੀਓ ਸ਼ੇਅਰਿੰਗ ਪਲੇਟਫਾਰਮ ਉੱਤੇ ਭਾਰਤੀਆਂ ਨੇ 2018 ਦੇ ਮੁਕਾ-ਬਲੇ ਵੱਧ ਸਮਾਂ ਬਿਤਾਇਆ ਹੈ। ਇਸ ਦੇ ਐਕਟਿਵ ਯੂਜਰਸ ਦੀ ਗਿਣਤੀ ਦਸੰਬਰ 2019 ਵਿੱਚ 81 ਮਿਲਿਅਨ ਸੀ, ਜੋ ਨਵੰਬਰ 2019 ਦੇ ਮੁਕਾਬਲੇ 90 ਫੀਸਦੀ ਸੀ। ਇਸ ਸ਼ਾਰਟ ਵੀਡੀਓ ਮੇਕਿੰਗ ਪਲੇਟਫਾਰਮ ਨੂੰ ਚੀਨੀ ਕੰਪਨੀ ਨੇ ਲਾਂਚ ਕੀਤਾ ਹੈ, ਜੋ 2019 ਵਿੱਚ ਫੇਸਬੁੱਕ ਤੋਂ ਬਾਅਦ ਦੂਜਾ ਸਭ ਤੋਂ ਵੱਧ ਡਾਊਨਲੋਡ ਕੀਤਾ ਜਾਣ ਵਾਲਾ ਐਪ ਹੈ। ਇਹ ਐਪ ਭਾਰਤ ਵਿੱਚ ਹੀ ਨਹੀਂ, ਦੁਨੀਆ ਦੇ 11 ਤੋਂ ਜ਼ਿਆਦਾ ਦੇਸ਼ਾਂ ਵਿੱਚ ਪਾਪੂਲਰ ਹੈ। ਇਸ ਦੇ ਨਾਲ ਯੂਜ਼ਰਸ ਇਕ-ਦੂਜੇ ਨਾਲ ਜੁੜਦੇ ਹਨ।




# ਵਿਖਾਈ ਕੁੜੀ ਹੋਰ, ਵਿਆਹੀ ਹੋਰ, ਕੇਸ ਦਰਜ

ਭਿੰਡ, 3 ਫਰਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਭਿੰਡ ਜ਼ਿਲੇ 'ਚ ਵਿਆਹ ਦੌਰਾਨ ਲਾੜੀ ਬਦਲਣ ਦਾ ਕੇਸ ਸਾਹਮਣੇ ਆਇਆ ਹੈ। ਲਾੜੇ ਤੇ ਉਸ ਦੇ ਪਰਵਾਰ ਨੇ ਥਾਣੇ ਜਾ ਕੇ ਸ਼ਿਕਾਇਤ ਦਰਜ ਕਰਵਾਈ ਅਤੇ ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਮਾਮਲੇ ਜ਼ਿਲੇ ਦੇ ਗੋਹਦ ਖੇਤਰ ਦਾ ਹੈ।



ਪੁਲਸ ਨੂੰ ਮਿਲੀ ਸ਼ਿਕਾਇਤ ਦੇ ਅਨੁਸਾਰ ਗੋਹਦ ਖੇਤਰ ਵਿੱਚ 16 ਜਨਵਰੀ ਨੂੰ ਇੱਕ ਵਿਆਹ ਵਿਆਹ ਦੇ ਬਾਅਦ ਲਾੜੇ ਦੇ ਪਰਵਾਰਕ ਮੈਂਬਰਾਂ ਨੇ ਲੜਕੀ ਪੱਖ 'ਤੇ ਦੋਸ਼ ਲਾਇਆ ਕਿ ਜਿਹੜੀ ਕੁੜੀ ਵਿਆਹ ਤੋਂ ਪਹਿਲਾਂ ਵਿਖਾਈ ਗਈ ਸੀ, ਉਸ ਨਾਲ ਵਿਆਹ ਨਹੀਂ ਹੋਇਆ। ਵਿਆਹ ਦੌਰਾਨ ਜਦੋਂ ਇਸ ਗੱਲ ਨੂੰ ਚੁੱਕਿਆ ਗਿਆ ਤਾਂ ਲੜਕੀ ਦੇ ਪਰਵਾਰ ਵਾਲਿਆਂ ਨੇ ਕਿਹਾ ਕਿ ਮੇਕਅਪ ਕਾਰਨ ਲੜਕੀ ਦਾ ਚਿਹਰਾ ਬਦਲਿਆ ਹੋਇਆ ਵਿਖਾਈ ਦੇ ਰਿਹਾ ਹੈ। ਸੂਤਰਾਂ ਨੇ ਕਿਹਾ ਕਿ ਗੋਹਦ ਥਾਣਾ ਪੁਲਸ ਨੇ ਲਾੜੇ ਦੇ ਪਿਤਾ ਦੀ ਸ਼ਿਕਾਇਤ 'ਤੇ ਲਾੜੀ ਦੇ ਪਿਤਾ, ਸਾਥੀਆਂ ਅਤੇ ਉਸ ਮੁਟਿਆਰ ਨੂੰ ਦੋਸ਼ੀ ਬਣਾਇਆ ਹੈ, ਜਿਸ ਨੂੰ ਵਿਆਹ ਤੋਂ ਪਹਿਲਾਂ ਪਸੰਦ ਕੀਤਾ ਗਿਆ ਸੀ, ਪਰ ਉਸ ਨਾਲ ਵਿਆਹ ਨਹੀਂ ਹੋਇਆ। ਅਟੇਰ ਦੇ ਬਡਪੁਰਾ-ਬਡਪੁਰੀ ਪਿੰਡ ਦੇ ਨੌਜਵਾਨ ਦਾ ਜਿਸ ਲੜਕੀ ਨਾਲ ਵਿਆਹ ਹੋਇਆ, ਉਹ ਕੋਲਕਾਤਾ ਦੀ ਦੱਸੀ ਜਾ ਰਹੀ ਹੈ।

# ਖੱਡੇ ਵਿੱਚ ਕਾਰ ਡਿੱਗਣ ਕਾਰਨ ਛੇ ਦੋਸਤਾਂ ਦੀ ਮੌਤ

ਕੁਰੂਕਸ਼ੇਤਰ, 3 ਫਰਵਰੀ (ਪੋਸਟ ਬਿਊਰੋ)- ਇਥੋਂ ਨੇੜਲੇ ਕਸਬੇ ਪੁੰਡਰੀ ਵਿੱਚ ਹੋਏ ਸੜਕ ਹਾਦਸੇ ਦੌਰਾਨ ਛੇ ਨੌਜਵਾਨਾਂ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਮਾਰੇ ਗਏ ਨੌਜਵਾਨਾਂ ਦੀ ਪਛਾਣ ਹਿਸਾਰ ਜ਼ਿਲ੍ਹੇ ਦੇ ਪਿੰਡ ਸੂਰੇਵਾਲਾ ਦੇ ਅਜੇ ਪੁੱਤਰ ਦਿਲਬਾਗ, ਰਾਮਕੇਸ਼ ਪੁੱਤਰ ਮਹਾਬੀਰ, ਅੰਕੁਸ਼ ਪੁੱਤਰ ਰਘੁਵੀਰ, ਕਪਿਲ ਪੁੱਤਰ ਰੋਹਤਾਸ਼ ਵਾਸੀ ਬਿਠਮੜਾ, ਸੁਨੀਲ ਪੁੱਤਰ ਰਘਬੀਰ ਵਾਸੀ ਹਾਂਸੇਵਾਲਾ ਅਤੇ ਕਰਨਾਲ ਜ਼ਿਲ੍ਹੇ ਦੇ ਪਿੰਡ ਗਗਸੀਨਾ ਦੇ ਦੀਪਕ ਪੁੱਤਰ ਬਾਲਕਿਸ਼ਨ ਵਜੋਂ ਹੋਈ ਹੈ। ਪੁਲਸ ਬੁਲਾਰੇ ਨੇ ਦੱਸਿਆ ਕਿ ਢਾਂਡ-ਪੁੰਡਰੀ ਰੋਡ 'ਤੇ ਪਿੰਡ ਮਯੋਲੀ ਨੇੜੇ ਬੀਤੀ ਰਾਤ ਤੇਜ਼ ਰਫ਼ਤਾਰ ਸਕਾਰਪੀਓ ਗੱਡੀ ਬੇਕਾਬੂ ਹੋ ਕੇ 40 ਫੁੱਟ ਡੂੰਘੇ ਖੱਡੇ ਵਿੱਚ ਡਿੱਗ ਗਈ ਸੀ। ਹਾਦਸੇ ਮਗਰੋਂ ਗੱਡੀ ਵਿੱਚ ਸਵਾਰ ਪੰਜ ਨੌਜਵਾਨਾਂ ਨੂੰ ਰਾਤ ਸਮੇਂ ਹੀ ਹਸਪਤਾਲ ਵਿੱਚ ਭੇਜ ਦਿੱਤਾ ਗਿਆ, ਜਿਨ੍ਹਾਂ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ ਸੀ। ਇੱਕ ਨੌਜਵਾਨ ਦੀ ਲਾਸ਼ ਕੱਲ੍ਹ ਸਵੇਰੇ ਘਟਨਾ ਵਾਲੀ ਥਾਂ ਤੋਂ ਬਰਾਮਦ ਹੋਈ ਹੈ। ਮਿਲੀ ਜਾਣਕਾਰੀ ਅਨੁਸਾਰ ਇਹ ਸਾਰੇ ਦੋਸਤ ਇਕੱਠੇ ਕਿਤੇ ਘੁੰਮਣ ਗਏ ਸਨ, ਜੋ ਵਾਪਸ ਆਪੋ ਆਪਣੇ ਘਰਾਂ ਨੂੰ ਪਰਤ ਰਹੇ ਸਨ। ਇਨ੍ਹਾਂ ਵਿੱਚੋਂ ਤਿੰਨ ਨੌਜਵਾਨ ਇੱਕੋ ਪਿੰਡ ਦੇ ਤੇ ਬਾਕੀ ਤਿੰਨ ਆਲੇ-ਦੁਆਲੇ ਦੇ ਹੋਰਨਾਂ ਪਿੰਡਾਂ ਤੋਂ ਸਨ। ਪੁਲਸ ਨੇ ਇਸ ਸਬੰਧੀ ਕੇਸ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਇਕ ਪਾਸੜ ਪਿਆਰ ਵਿੱਚ ਵਿਆਹੇ ਹੋਏ ਬੰਦੇ ਨੇ ਮਹਿਲਾ ਟੀਚਰ ਨੂੰ ਜਿਉਂਦੇ ਸਾੜਿਆ



ਵਰਧਾ, 3 ਫਰਵਰੀ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਵਰਧਾ ਵਿੱਚ ਇਕ ਪਾਸੜ ਪਿਆਰ ਤੋਂ ਪਾਗਲ ਆਦਮੀ ਨੇ ਇਕ ਮਹਿਲਾ ਟੀਚਰ ਨੂੰ ਜਿਉਂਦੇ ਸਾੜ ਦਿੱਤਾ, ਪਰ ਉਸ ਦੀ ਜਾਨ ਬਚ ਗਈ। ਇਸ ਦੇ ਬਾਅਦ ਪੀੜਤ ਔਰਤ ਨੂੰ ਨਾਗਪੁਰ ਦੇ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ, ਜਿੱਥੇ ਉਸ ਦਾ ਇਲਾਜ ਹੋ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਪੀੜਤਾ ਦੀਆਂ ਅੱਖਾਂ ਦੀ ਰੋਸ਼ਨੀ ਚਲੀ ਗਈ ਹੈ ਤੇ ਉਹ 30 ਫੀਸਦੀ ਤੱਕ ਸੜ ਚੁਕੀ ਹੈ।

ਇਹ ਘਟਨਾ ਵਰਧਾ ਦੇ ਹਿਮਗੰਗਾ ਘਾਟ ਖੇਤਰ ਵਿੱਚ ਵਾਪਰੀ ਹੈ। ਪਤਾ ਲੱਗਾ ਹੈ ਕਿ 24 ਸਾਲਾ ਪੀੜਤਾ ਨੂੰ 27 ਸਾਲ ਦੇ ਵਿਆਹੁਤਾ ਦੋਸ਼ੀ ਵਿੱਕੀ ਨਗਰਾਲੇ ਨੇ ਵਿਆਹ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਉਸ ਨੇ ਠੁਕਰਾ ਦਿੱਤਾ। ਇਸ ਤੋਂ ਬਾਅਦ ਉਸ ਨੇ ਪੈਟਰੋਲ ਸੁੱਟ ਕੇ ਮਹਿਲਾ ਨੂੰ ਅੱਗ ਲਾਉਣ ਦਾ ਕਦਮ ਚੁੱਕਿਆ। ਪੀੜਤਾ ਏਥੇ ਪਿਛਲੇ 7 ਮਹੀਨੇ ਤੋਂ ਇਕ ਵਿਮੈਨ ਕਾਲਜ ਵਿੱਚ ਪੜ੍ਹਾ ਰਹੀ ਸੀ। ਦੋਸ਼ੀ ਤੇ ਪੀੜਤ ਔਰਤ ਇਕ-ਦੂਜੇ ਨੂੰ ਜਾਣਦੇ ਸਨ। ਸੋਮਵਾਰ ਉਸ ਨੇ ਪਿਆਰ ਦਾ ਪ੍ਰਗਟਾਵਾ ਕੀਤਾ ਤਾਂ ਔਰਤ ਨੇ ਮਨ੍ਹਾ ਕਰ ਦਿੱਤਾ, ਜਿਸ ਪਿੱਛੋਂ ਉਸ ਨੇ ਇਹ ਵਾਰਦਾਤ ਕੀਤੀ ਤੇ ਇਸ ਦੇ ਬਾਅਦ ਪੁਲਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਦੱਸਿਆ ਗਿਆ ਹੈ ਕਿ ਉਹ ਪੀੜਤਾ ਦਾ ਵਿਆਹ ਕਿਤੇ ਹੋਰ ਤੈਅ ਹੋਣ ਤੋਂ ਨਾਰਾਜ਼ ਸੀ। ਪੁਲਸ ਇੰਸਪੈਕਟਰ ਸਤਿਆਵੀਰ ਭਾਂਡੀਵਰ ਨੇ ਦੱਸਿਆ ਕਿ ਪੀੜਤਾ ਨੂੰ ਇਲਾਜ ਲਈ ਨਾਗ-ਪੁਰ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ।

## ਜਨਮ ਸਮੇਂ ਘੱਟ ਭਾਰ ਵਾਲੇ ਬੱਚਿਆਂ ਦੀ ਸਰੀਰਕ ਸਮਰੱਥਾ ਘੱਟ ਹੋ ਸਕਦੀ ਹੈ

ਲੰਡਨ, 3 ਫਰਵਰੀ (ਪੋਸਟ ਬਿਊਰੋ)- ਜਨਮ ਦੇ ਸਮੇਂ ਬੱਚਿਆਂ ਦੇ ਘੱਟ ਭਾਰ ਨਾਲ ਸੰਬੰਧਤ ਇੱਕ ਸਰਵੇ ਵਿੱਚ ਪਾਇਆ ਗਿਆ ਕਿ ਜਿਨ੍ਹਾਂ ਬੱਚਿਆਂ ਦਾ ਭਾਰ ਜਨਮ ਦੇ ਸਮੇਂ ਘੱਟ ਹੁੰਦਾ ਹੈ ਉਨ੍ਹਾਂ ਦੀਆਂ ਮਾਸਪੇਸ਼ੀਆਂ ਵਿੱਚ ਆਕਸੀਜਨ ਸਪਲਾਈ ਦੀ ਸਮਰੱਥਾ ਕਮਜ਼ੋਰ ਹੋ ਸਕਦੀ ਹੈ। ਜਨਮ ਸਮੇਂ ਬੱਚਿਆਂ 'ਚ ਭਾਰ ਦੀ ਕਮੀ ਨੂੰ ਦੂਰ ਕਰਨ ਦੀ ਰਣਨੀਤੀ ਦੇ ਮਹੱਤਵ ਨੂੰ ਜ਼ੋਰ ਦੇਣ ਵਾਲੇ ਇੱਕ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਹੈ।

ਖੋਜਕਾਰਾਂ ਦੇ ਅਨੁਸਾਰ ਤੰਦਰੁਸਤ ਰਹਿਣ ਲਈ ਕਾਰਡੀਓ-ਰੈਸਿਪਰੇਟਰੀ ਫਿਟਨੈਸ ਬਹੁਤ ਮਹੱਤਵ ਪੂਰਨ ਹੁੰਦਾ ਹੈ ਤੇ ਇਹ ਵੱਖ-ਵੱਖ ਬਿਮਾਰੀਆਂ ਤੇ ਸਮੇਂ ਤੋਂ ਪਹਿਲਾਂ ਹੋਣ ਵਾਲੇ ਮੌਤ ਦੇ ਖਤਰੇ ਘੱਟ ਕਰ ਸਕਦਾ ਹੈ। ਇਨ੍ਹਾਂ ਖੋਜਕਾਰਾਂ ਵਿੱਚ ਸਵੀਡਨ ਦੇ ਕੋਰੋਲਿੰਸਕਾ ਸੰਸਥਾ ਦੇ ਖੋਜੀ ਸ਼ਾਮਲ ਹਨ। ਉਨ੍ਹਾਂ ਨੇ ਦੱਸਿਆ ਕਿ ਕਸਰਤ ਦੇ ਦੌਰਾਨ ਮਾਸਪੇਸ਼ੀਆਂ ਨੂੰ ਆਕਸੀਜਨ ਦੀ ਸਪਲਾਈ ਕਰਨ ਲਈ ਸਰੀਰ ਦੀ ਇਹ ਸਮਰੱਥਾ ਵਿਸ਼ਵ ਪੱਧਰ 'ਤੇ ਅੱਲ੍ਹੜਾਂ ਤੇ ਬਾਲਗਾਂ ਦੋਵਾਂ ਵਿੱਚ ਘੱਟ ਹੋ ਰਹੀ ਹੈ। ਇਹ ਸਰਵੇ ਜਰਨਲ ਹਾਰਟ ਐਸੋਸੀਏਸ਼ਨ ਵਿੱਚ ਛਪਿਆ ਹੈ। ਇਸ ਵਿਚ ਇਹ ਜਾਂਚ ਕੀਤੀ ਗਈ ਹੈ ਕਿ ਕੀ ਗਰਭ ਅਵਸਥਾ ਦੇ 37ਵੇਂ ਤੋਂ 41ਵੇਂ ਹਫਤੇ ਵਿੱਚ ਜੋ ਬੱਚੇ ਪੈਦਾ ਹੋਏ ਹਨ, ਉਨ੍ਹਾਂ ਦੇ ਕਾਰਡੀਓ ਰੈਸਿਪਰੇਟਰੀ ਫਿਟਨੈਸ ਵਿੱਚ ਜਨਮ ਦੇ ਸਮੇਂ ਘੱਟ ਭਾਰ ਭੂਮਿਕਾ ਅਦਾ ਕਰਦਾ ਹੈ। ਇਸ ਅਧਿਐਨ 'ਚ ਵਿਗਿਆਨੀਆਂ ਨੇ 17 ਤੋਂ 24 ਸਾਲ ਦੇ ਦੋ ਲੱਖ ਅੱਸੀ ਹਜ਼ਾਰ ਨੌਜਵਾਨਾਂ ਨੂੰ ਸ਼ਾਮਲ ਕੀਤਾ। ਇਸ ਵਿੱਚ ਉਨ੍ਹਾਂ ਨੇ ਸਵੀਡਿਸ਼ ਜਨਸੰਖਿਆ ਆਧਾਰਤ ਰਜਿਸਟਰ ਦਾ ਇਸਤੇਮਾਲ ਕੀਤਾ। ਜਿਨ੍ਹਾਂ ਬੱਚਿਆਂ ਦੇ ਜਨਮ ਸਮੇਂ ਭਾਰ ਵੱਧ ਸੀ ਉਨ੍ਹਾਂ ਨੇ ਸਾਈਕਲ ਐਗਰੋਮੀਟਰ ਦੇ ਫਿਟਨੈਸ ਜਾਂਚ ਵਿੱਚ ਬਿਹਤਰ ਪ੍ਰਦਰਸ਼ਨ ਕੀਤਾ।

# ਸਕਾਟਲੈਂਡ ਯਾਰਡ ਵੱਲੋਂ ਮਾਰਿਆ ਬੰਦਾ ਅੱਤਵਾਦੀ ਨਿਕਲਿਆ




ਲੰਡਨ, 3 ਫਰਵਰੀ (ਪੋਸਟ ਬਿਊਰੋ)- ਦੱਖਣੀ ਲੰਡਨ ਦੀ ਇਕ ਗਲੀ ਵਿਚ ਚਾਕੂ ਨਾਲ ਹਮਲਾ ਕਰ ਕੇ ਦੋ ਆਮ ਲੋਕਾਂ ਨੂੰ ਜ਼ਖ਼ਮੀ ਕਰਨ ਵਾਲਾ ਤੇ ਸਕਾਟਲੈਂਡ ਯਾਰਡ ਵੱਲੋਂ ਮਾਰਿਆ ਗਿਆ ਸ਼ੱਕੀ ਬੰਦਾ ਅੱਤਵਾਦੀ ਸੀ, ਜਿਸ ਦਾ ਪਿਛੋਕੜ ਸ੍ਰੀਲੰਕਾ ਨਾਲ ਸਬੰਧਤ ਸੀ। ਉਹ ਸਜ਼ਾ ਯਾਫ਼ਤਾ ਇਸਲਾਮਿਕ ਅੱਤਵਾਦੀ ਸੀ ਤੇ ਆਪਣੀ ਅੱਧੀ ਸਜ਼ਾ ਕੱਟ ਕੇ ਬਾਹਰ ਆਇਆ ਸੀ ਅਤੇ ਪੁਲਿਸ ਦੀ ਨਿਗਰਾਨੀ ਹੇਠ ਚੱਲ ਰਿਹਾ ਸੀ।

ਮੈਟਰੋਪੋਲੀਟਨ ਪੁਲਿਸ ਨੇ ਦੱਸਿਆ ਹੈ ਕਿ ਸੁਦੇਸ਼ ਮਾਮੂਰ ਫਰਾਜ਼ ਅਮਾਨ (20) ਬ੍ਰਿਟਿਸ਼ ਨਾਗਰਿਕ ਸੀ ਅਤੇ ਉਸ ਦਾ ਪਿਛੋਕੜ ਸ੍ਰੀਲੰਕਾ ਨਾਲ ਸਬੰਧਤ ਸੀ। ਉਸ ਦੇ ਆਈ ਐੱਸ ਨਾਲ ਸਿੱਧੇ ਸਬੰਧ ਸਨ। ਉਸ ਨੂੰ ਅੱਤਵਾਦ ਨਾਲ ਸਬੰਧਤ 10 ਦੋਸ਼ਾਂ ਹੇਠ ਦਸੰਬਰ 2018 ਵਿੱਚ ਤਿੰਨ ਸਾਲ ਚਾਰ ਮਹੀਨੇ ਦੀ ਸਜ਼ਾ ਹੋਈ ਸੀ ਤੇ ਉਹ ਆਪਣੀ ਅੱਧੀ ਸਜ਼ਾ ਕੱਟ ਕੇ ਬਾਹਰ ਆਉਣ ਪਿੱਛੋਂ ਪੁਲਿਸ ਨਿਗਰਾਨੀ ਹੇਠ ਸੀ। ਗ੍ਰਿਫ਼ਤਾਰੀ ਪਿੱਛੋਂ ਉਸ ਉੱਤੇ ਲਾਏ 10 ਦੋਸ਼ਾਂ ਵਿਚ ਅੱਤਵਾਦੀ ਹਮਲੇ ਲਈ ਧਮਾਕਾਖੇਜ਼ ਸਮੱਗਰੀ ਤਿਆਰ ਕਰਨਾ ਤੇ ਹਥਿਆਰ ਬਣਾਉਣਾ, ਬੰਬ ਤਿਆਰ ਕਰਨਾ ਤੇ ਚਾਕੂ ਨਾਲ ਲੜਾਈ ਸ਼ਾਮਲ ਸਨ। ਉਸ ਨੇ ਆਪਣੀ ਪ੍ਰੇਮਿਕਾ ਨੂੰ ਕਿਹਾ ਸੀ ਕਿ ਉਹ ਆਪਣੇ ਕੁਫਰ ਤੋਲਣ ਵਾਲੇ ਮਾਪਿਆਂ ਨੂੰ ਵੀ ਮਾਰ ਦੇਵੇਗਾ। ਪੁਲਿਸ ਨੂੰ ਉਸ ਦੇ ਘਰੋਂ ਨੋਟਪੈਡ ਮਿਲਿਆ ਹੈ, ਜਿਸ ਵਿਚ ਉਸ ਨੇ ਆਪਣੇ ਜੀਵਨ ਦੇ ਟੀਚੇ ਲਿਖੇ ਹਨ। ਐਤਵਾਰ ਪੁਲਿਸ ਵੱਲੋਂ ਉਸ ਨੂੰ ਮਾਰਨ ਸਮੇਂ ਉਸ ਨੇ ਪੁਲਿਸ ਨੂੰ ਧਮਕਾ ਕੇ ਕਿਹਾ ਸੀ ਕਿ ਉਸ ਨੇ ਸਰੀਰ ਨਾਲ ਬੰਬ ਬੰਨ੍ਹਿਆ ਹੋਇਆ ਹੈ। ਉਸ ਨੇ ਜਿਸ 40 ਸਾਲਾ ਵਿਅਕਤੀ ਉੱਤੇ ਚਾਕੂ ਨਾਲ ਹਮਲਾ ਕੀਤਾ ਸੀ, ਉਹ ਖ਼ਤਰੇ ਤੋਂ ਬਾਹਰ ਹੈ ਅਤੇ ਇਕ ਹੋਰ ਜ਼ਖ਼ਮੀ ਔਰਤ ਨੂੰ ਇਲਾਜ ਪਿੱਛੋਂ ਹਸਪਤਾਲ ਤੋਂ ਛੁੱਟੀ ਮਿਲ ਗਈ ਹੈ। ਹਮਲੇ ਸਮੇਂ ਸਕਾਟਲੈਂਡ ਪੁਲਿਸ ਦੇ ਦੋ ਜਵਾਨ ਉਸ ਦੇ ਨਾਲ ਬਿਨਾਂ ਵਰਦੀ ਚੱਲ ਰਹੇ ਸਨ ਤਾਂ ਕਿ ਉਹ ਕੋਈ ਗ਼ਲਤ ਹਰਕਤ ਨਾ ਕਰ ਦੇਵੇ।

## ਸ੍ਰੀਲੰਕਾ ਨੇ ਆਜ਼ਾਦੀ ਦਿਵਸ ਸਮਾਗਮ ਮੌਕੇ ਤਾਮਿਲ ਭਾਸ਼ਾ ਦਾ ਕੌਮੀ ਗੀਤ ਹਟਾਇਆ



ਕੋਲੰਬੋ, 3 ਫਰਵਰੀ (ਪੋਸਟ ਬਿਊਰੋ)- ਸ੍ਰੀਲੰਕਾ ਦੇ 72ਵੇਂ ਆਜ਼ਾਦੀ ਦਿਵਸ ਸਮਾਗਮ ਵਿਚ ਤਾਮਿਲ ਭਾਸ਼ਾ ਵਿੱਚ ਕੌਮੀ ਗੀਤ ਨਹੀਂ ਹੋਵੇਗਾ। ਗ੍ਰਹਿ ਮੰਤਰਾਲੇ ਦੇ ਅਧਿਕਾਰੀਆਂ ਨੇ ਸੋਮਵਾਰ ਨੂੰ ਕਿਹਾ ਕਿ ਕੌਮੀ ਗੀਤ ਸਿਰਫ਼ ਸਿਨਹਾਲੀ ਭਾਸ਼ਾ ਦਾ ਹੋਵੇਗਾ। ਸਰਕਾਰ ਦੇ ਇਸ ਕਦਮ ਨੂੰ ਬਹੁ-ਗਿਣਤੀ ਸਿਨਹਾਲੀ ਭਾਈਚਾਰੇ ਨੂੰ ਪਹਿਲ ਮੰਨਿਆ ਜਾ ਰਿਹਾ ਹੈ। ਸਾਲ 2015 ਵਿੱਚ ਓਦੋਂ ਦੀ ਸ੍ਰੀਲੰਕਾ ਸਰਕਾਰ ਨੇ ਤਾਮਿਲ ਘੱਟ-ਗਿਣਤੀ ਭਾਈਚਾਰੇ ਨਾਲ ਤਾਲਮੇਲ ਲਈ ਆਜ਼ਾਦੀ ਦਿਵਸ ਸਮਾਗਮ ਵੇਲੇ ਤਾਮਿਲ ਰਾਸ਼ਟਰੀ ਗੀਤ ਨੂੰ ਵੀ ਸ਼ਾਮਲ ਕੀਤਾ ਸੀ।

ਵਰਨਣ ਯੋਗ ਹੈ ਕਿ ਸ੍ਰੀਲੰਕਾ ਦੇ ਰਾਸ਼ਟਰਪਤੀ ਗੋਤਬਾਯਾ ਰਾਜਪਕਸ਼ੇ ਨੇ ਪਿਛਲੇ ਨਵੰਬਰ ਵਿਚ ਆਪਣੇ ਸਹੁੰ ਚੁੱਕ ਸਮਾਗਮ ਪਿੱਛੋਂ ਬੁੱਧ ਧਰਮ ਨੂੰ ਪਹਿਲ ਦੇਣ ਦੀ ਗੱਲ ਕਹੀ ਸੀ। ਸ੍ਰੀਲੰਕਾ ਦੀ 2.1 ਕਰੋੜ ਦੀ ਆਬਾਦੀ ਵਿਚ ਬੁੱਧ ਧਰਮ ਨੂੰ ਮੰਨਣ ਵਾਲੀ ਸਿਨਹਾਲੀ ਬਹੁ-ਗਿਣਤੀ ਹੈ। ਦੇਸ਼ ਵਿਚ 12 ਫ਼ੀਸਦੀ ਹਿੰਦੂਆਂ ਵਿਚ ਬਹੁਤੇ ਤਾਮਿਲ ਮੂਲ ਦੇ ਲੋਕ ਹਨ। ਸ੍ਰੀਲੰਕਾ ਦਾ ਸੰਵਿਧਾਨ ਸਿਨਹਾਲੀ ਅਤੇ ਤਾਮਿਲ ਦੋਵਾਂ ਵਿਚ ਕੌਮੀ ਗੀਤ ਦੀ ਇਜਾਜ਼ਤ ਦਿੰਦਾ ਹੈ। ਕੌਮੀ ਗੀਤ ਦਾ ਤਾਮਿਲ ਭਾਸ਼ਾ ਦਾ ਰੂਪ 'ਸ੍ਰੀਲੰਕਾ ਥਏ' ਸਿਨਹਾਲੀ ਭਾਸ਼ਾ ਦੇ 'ਨਮੋ-ਨਮੋ ਮਾਤਾ' ਦਾ ਹੀ ਅਨੁਵਾਦ ਹੈ। ਤਾਮਿਲਾਂ ਦੇ ਕੌਮੀ ਪੱਧਰ ਦੇ ਆਗੂ ਮਨੋ ਗਣੇਸ਼ਨ ਨੇ ਕਿਹਾ ਕਿ ਤਾਮਿਲ ਕੌਮੀ ਗੀਤ ਇਸ ਭਾਸ਼ੀ ਭਾਈਚਾਰੇ ਦੀ ਪਛਾਣ ਹੈ। ਗ੍ਰਹਿ ਰਾਜ ਮੰਤਰੀ ਮਨਿੰਦਾ ਸਮਰਸਿੰਘੇ ਨੇ ਪਿਛਲੇ ਹਫ਼ਤੇ ਕਿਹਾ ਸੀ ਕਿ ਆਜ਼ਾਦੀ ਦਿਵਸ ਦੇ ਮੁੱਖ ਸਮਾਗਮ ਵਿਚ ਕੌਮੀ ਗੀਤ ਕੇਵਲ ਸਿਨਹਾਲੀ ਵਿਚ ਹੋਏਗਾ ਪ੍ਰੰਤੂ ਰਾਜ ਪੱਧਰੀ ਸਮਾਗਮਾਂ ਵਿਚ ਰਾਸ਼ਟਰੀ ਗੀਤ ਦੇ ਤਾਮਿਲ ਭਾਸ਼ਾ ਵਿਚ ਗਾਉਣ ਦੀ ਇਜਾਜ਼ਤ ਹੋਵੇਗੀ।

## ਯੂ ਕੇ ਵਿੱਚ ਭਾਰਤੀ ਮੈਟਰੀਮੋਨੀਅਲ ਸਾਈਟ ਦੀ ਆਲੋਚਨਾ ਹੋਈ

ਲੰਡਨ, 3 ਫਰਵਰੀ (ਪੋਸਟ ਬਿਊਰੋ)- ਭਾਰਤ ਦੀ ਉਘੀ ਮੈਟਰੀਮੋਨੀਅਲ ਸਾਈਟ ਸ਼ਾਦੀ ਡਾਟ ਕਾਮ ਦੀ ਯੂ ਕੇ ਵਿੱਚ ਜਾਤ ਆਧਾਰਤ ਪੱਖਪਾਤ ਲਈ ਆਲੋਚਨਾ ਹੋ ਰਹੀ ਹੈ। ਇਹ ਵੈਬਸਾਈਟ, ਯੂ ਕੇ ਵਿਚ ਵੱਸਦੇ ਭਾਰਤੀ ਭਾਈਚਾਰੇ ਵਿੱਚ ਰਿਸ਼ਤਿਆਂ ਦੀ ਤਲਾਸ਼ ਕਰਨ ਵਾਲੀ ਸਭ ਤੋਂ ਵੱਡੀ ਸਾਈਟ ਹੈ। ਇਸ ਉਤੇ ਅਨੁਸੂਚਿਤ ਜਾਤੀ ਭਾਈਚਾਰੇ ਨਾਲ ਵਿਤਕਰੇ ਦਾ ਦੋਸ਼ ਲੱਗਾ ਹੈ ਤੇ ਇਸ ਨਾਲ ਇਹ ਸਵਾਲ ਵੀ ਖੜ੍ਹਾ ਹੋ ਗਿਆ ਹੈ ਕਿ ਕੀ ਇਸ ਦੇ ਨਿਯਮ ਦੇਸ਼ ਦੇ ਸਮਾਨਤਾ ਕਾਨੂੰਨ ਦੇ ਅਨੁਕੂਲ ਹਨ ਜਾਂ ਨਹੀਂ, ਜਿਸ ਦੀ ਹਰ ਪਾਸੇ ਚਰਚਾ ਹੈ।

'ਦਿ ਸੰਡੇ ਟਾਈਮਜ਼' ਦੀ ਰਿਪੋਰਟ ਅਨੁਸਾਰ ਉਚ ਜਾਤੀ ਦੇ ਵਿਅਕਤੀ ਲਈ ਬਣਾਏ ਪ੍ਰੋਫਾਈਲ ਨੂੰ ਹੇਠਲੀਆਂ ਜਾਤਾਂ ਦੇ ਸੰਭਾਵਿਤ ਰਿਸ਼ਤਿਆਂ ਦੀ ਪੇਸ਼ਕਸ਼ ਉਦੋਂ ਤੱਕ ਨਹੀਂ ਕੀਤੀ ਜਾਂਦੀ ਜਦੋਂ ਤੱਕ ਉਹ ਆਪਣੀ ਪਸੰਦ ਨੂੰ ਹੋਰ ਜਾਤਾਂ ਨੂੰ ਸ਼ਾਮਲ ਕਰਨ ਦੇ ਅਨੁਕੂਲ ਨਹੀਂ ਕਰਦੇ। ਸ਼ਾਦੀ ਡਾਟ ਕਾਮ ਨੇ ਜਾਤੀ ਆਧਾਰਤ ਪੱਖਪਾਤ ਤੋਂ ਇਨਕਾਰ ਕੀਤਾ ਹੈ ਕਿਉਂਕਿ ਇਸ ਦੀ ਕਮਿਊਨਿਟੀ ਸੈਟਿੰਗ ਪੱਖਪਾਤੀ ਨਹੀਂ ਹੈ। ਇੱਕ ਬੈਰਿਸਟਰ ਨੇ ਚੇਤਾਵਨੀ ਦਿੱਤੀ ਹੈ ਕਿ ਇਸ ਨਾਲ ਯੂ ਕੇ ਦੇ ਸਮਾਨਤਾ ਕਾਨੂੰਨ ਦੀ ਸੰਭਾਵਿਤ ਉਲੰਘਣਾ ਹੁੰਦੀ ਹੈ। ਸਾਲ 2015 ਵਿੱਚ ਜਾਤੀ ਵਿਤਕਰੇ ਦਾ ਪਹਿਲਾ ਕੇਸ ਲੜਨ ਵਾਲੇ ਬੈਰਿਸਟਰ ਕ੍ਰਿਸ ਮਿਲਸਮ ਨੇ ਇਸ ਅਖ਼ਬਾਰ ਨੂੰ ਦੱਸਿਆ ਕਿ ਉਪਭੋਗਤਾਵਾਂ ਨੂੰ ਆਪਣੀ ਜਾਤੀ ਬਾਰੇ ਦੱਸਣ ਲਈ ਮਜਬੂਰ ਕਰਕੇ, ਜਾਂ ਤਾਂ ਉਹ ਖੁਦ ਨਾਲ ਵਿਤਕਰਾ ਕਰ ਰਹੇ ਹਨ, ਜਾਂ ਉਪਭੋਗਤਾ ਦੁਆਰਾ ਜਾਣਬੁੱਝ ਕੇ ਵਿਤਕਰਾ ਕਰਨ ਵਿੱਚ ਮਦਦ ਕੀਤੀ ਜਾ ਰਹੀ ਹੈ।

# ਇਰਾਕ ਦੇ ਨਵੇਂ ਪ੍ਰਧਾਨ ਮੰਤਰੀ ਅਲਾਵੀ ਬਣੇ



ਬਗ਼ਦਾਦ, 3 ਫਰਵਰੀ (ਪੋਸਟ ਬਿਊਰੋ)- ਇਰਾਕ ਵਿੱਚ ਪਿਛਲੇ ਚਾਰ ਮਹੀਨਿਆਂ ਤੋਂ ਜਾਰੀ ਸਰਕਾਰ ਵਿਰੋਧੀ ਪ੍ਰਦਰਸ਼ਨਾਂ ਵਿਚਕਾਰ ਮੁਹੰਮਦ ਤੌਫੀਕ ਅਲਾਵੀ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ।

ਇਸ ਦੇਸ਼ ਦੇ ਰਾਸ਼ਟਰਪਤੀ ਬਰਹਾਮ ਸਾਲੇਹ ਨੇ ਕੱਲ੍ਹ ਤੌਫੀਕ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਨਵੇਂ ਪ੍ਰਧਾਨ ਮੰਤਰੀ ਨੂੰ ਇੱਕ ਮਹੀਨੇ ਅੰਦਰ ਪਾਰਲੀਮੈਂਟ ਦੀ ਮਨਜ਼ੂਰੀ ਲੈਣੀ ਹੋਵੇਗੀ। ਇਸ ਦੇ ਇਲਾਵਾ ਨਵੀ ਸਰਕਾਰ ਦੇਸ਼ ਵਿੱਚ ਨਵੇਂ ਸਿਰੇ ਤੋਂ ਚੋਣ ਕਰਾਉਣ ਦਾ ਐਲਾਨ ਵੀ ਕਰ ਸਕਦੀ ਹੈ। 65 ਸਾਲਾ ਤੌਫੀਕ ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੂਰੀ ਅਲ-ਮਲੀਕੀ ਦੀ ਅਗਵਾਈ ਵਾਲੀ ਸਰਕਾਰ ਦੇ ਸੂਚਨਾ ਮੰਤਰੀ ਰਹਿ ਚੁੱਕੇ ਹਨ। ਪ੍ਰਧਾਨ ਮੰਤਰੀ ਨਾਲ ਸਿਆਸੀ ਮਤਭੇਦਾਂ ਕਾਰਨ 2012 ਵਿੱਚ ਉਨ੍ਹਾਂ ਨੇ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਕੱਲ੍ਹ ਨਵੇਂ ਪ੍ਰਧਾਨ ਮੰਤਰੀ ਵਜੋਂ ਆਪਣੇ ਨਾਂ ਦਾ ਐਲਾਨ ਹੁੰਦੇ ਸਾਰ ਤੌਫੀਕ ਨੇ ਟਵਿੱਟਰ 'ਤੇ ਪ੍ਰਦਰਸ਼ਨਕਾਰੀਆਂ ਨੂੰ ਸੰਬੋਧਨ ਕੀਤਾ। ਹਿੰਸਕ ਪ੍ਰਦਰਸ਼ਨਾਂ ਵਿੱਚ ਮਾਰੇ ਗਏ 467 ਲੋਕਾਂ ਨੂੰ ਸ਼ਹੀਦ ਕਹਿ ਕੇ ਸੰਬੋਧਨ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਨਵੀਂ ਸਰਕਾਰ ਇਨ੍ਹਾਂ ਲੋਕਾਂ ਦੇ ਪਰਵਾਰਾਂ ਨੂੰ ਮੁਆਵਜ਼ਾ ਦੇਵੇਗੀ। ਇਸ ਤੋਂ ਇਲਾਵਾ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖ਼ਮੀ ਲੋਕਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਜਾਏਗੀ। ਦੇਸ਼ ਦੀ ਖ਼ਸਤਾ ਹਾਲ ਅਰਥ-ਵਿਵਸਥਾ ਅਤੇ ਭ੍ਰਿਸ਼ਟਾਚਾਰ ਬਾਰੇ ਅੰਦੋਲਨ ਕਰਦੇ ਲੋਕਾਂ ਨੂੰ ਉਨ੍ਹਾਂ ਨੇ ਕਿਹਾ ਕਿ ਉਹ ਤਦ ਤੱਕ ਆਪਣਾ ਅੰਦੋਲਨ ਜਾਰੀ ਰੱਖਣ ਜਦੋਂ ਤੱਕ ਕਿ ਉਨ੍ਹਾਂ ਦੀਆਂ ਮੰਗਾਂ ਪੂਰੀਆਂ ਨਾ ਹੋਣ ਜਾਣ।

## 'ਕਵੀਨ ਆਫ਼ ਸਸਪੈਂਸ' ਦੀ ਲੇਖਿਕਾ ਕਲਾਰਕ ਨਹੀਂ ਰਹੀ



ਨਿਊਯਾਰਕ, 3 ਫਰਵਰੀ (ਪੋਸਟ ਬਿਊਰੋ)- 'ਕਵੀਨ ਆਫ਼ ਸਸਪੈਂਸ' ਦੀ ਮਸ਼ਹੂਰ 92 ਸਾਲਾ ਲੇਖਿਕਾ ਮੈਰੀ ਹਿੱਗਿਜ਼ ਕਲਾਰਕ ਦਾ ਕੱਲ੍ਹ ਦਿਹਾਂਤ ਹੋ ਗਿਆ। 'ਕਵੀਨ ਆਫ਼ ਸਸਪੈਂਸ' ਦੀਆਂ ਕਹਾਣੀਆਂ ਦੇ ਕਾਰਨ ਉਹ ਦੁਨੀਆਂ ਦੀ ਸਭ ਤੋਂ ਮਸ਼ਹੂਰ ਲੇਖਿਕਾ ਬਣ ਗਈ। ਉਨ੍ਹਾਂ ਦੇ ਪਬਲਿਸ਼ਰ ਸਿਮੋਨ ਐਂਡ ਸ਼ਸਟਰ ਨੇ ਕਿਹਾ ਕਿ ਫਲੋਰੀਡਾ 'ਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਲੰਬੇ ਸਮੇਂ ਤੱਕ ਉਨ੍ਹਾਂ ਦੇ ਐਡੀਟਰ ਰਹੇ ਮਿਸ਼ੈਨ ਕੋਰਡਾ ਨੇ ਕਿਹਾ ਕਿ ਮੈਰੀ ਤੋਂ ਵੱਧ ਕੋਈ ਵੀ ਆਪਣੇ ਪਾਠਕਾਂ ਦੇ ਨਾਲ ਏਨਾ ਨਹੀਂ ਜੁੜ ਸਕਿਆ।

30 ਦੇ ਦਹਾਕੇ ਦੇ ਆਖ਼ਰੀ ਸਾਲਾਂ 'ਚ ਪੰਜ ਬੱਚਿਆਂ ਵਾਲੀ ਵਿਧਵਾ ਕਲਾਰਕ 50 ਦੀ ਉਮਰ ਤੱਕ 'ਬੈਸਟ ਸੈਲਰ' ਬਣ ਗਈ ਸੀ। 'ਏ ਸਟਰੇਂਜਰ ਇਜ਼ ਵਾਚਿੰਗ', 'ਡੈਡੀਜ਼ ਲਿਟਲ ਗਰਲ' ਵਰਗੀਆਂ 50 ਤੋਂ ਜ਼ਿਆਦਾ ਕਿਤਾਬਾਂ ਲਈ ਉਹ ਲੇਖਿਕਾ ਅਤੇ ਉਪ-ਲੇਖਿਕਾ ਰਹੀ। ਉਨ੍ਹਾਂ ਦੀ ਕਿਤਾਬ ਦੀਆਂ 10 ਕਰੋੜ ਤੋਂ ਵੱਧ ਕਾਪੀਆਂ ਵਿਕੀਆਂ ਅਤੇ ਉਨ੍ਹਾਂ ਨੂੰ ਕਈ ਸਨਮਾਨ ਵੀ ਪ੍ਰਾਪਤ ਹੋਏ। ਇਨ੍ਹਾਂ 'ਚ 'ਚੇਵੇਲੀਅਰ ਆਫ਼ ਦ ਆਰਡਰ ਆਫ਼ ਆਰਟਰਸ' ਅਤੇ ਫਰਾਂਸ 'ਚ 'ਲੇਟਰਸ' ਅਤੇ ਅਮਰੀਕਾ ਦੇ 'ਮਿਸਟ੍ਰੀ ਰਾਈਟਰਜ਼' ਤੋਂ 'ਗ੍ਰੈਂਡ ਮਾਸਟਰ' ਵਰਗੇ ਪੁਰਸਕਾਰ ਮਿਲੇ। ਉਨ੍ਹਾਂ ਨੇ ਕਈ ਕਿਤਾਬਾਂ ਅਜਿਹੀਆਂ ਲਿਖੀਆਂ ਜੋ ਖ਼ਾਸ ਤੌਰ 'ਤੇ ਔਰਤਾਂ 'ਤੇ ਆਧਾਰਿਤ ਸਨ। ਇਨ੍ਹਾਂ 'ਚੋਂ 'ਏ ਕ੍ਰਾਈ ਇਨ ਦ ਨਾਈਟ' ਵੀ ਸ਼ਾਮਲ ਹੈ। ਉਨ੍ਹਾਂ ਦਾ ਉਦੇਸ਼ ਬਹੁਤ ਸਾਧਾਰਨ ਸੀ ਕਿ ਪਾਠਕਾਂ ਨੂੰ ਪੜ੍ਹਾਉਂਦੇ ਰਹੋ। ਉਨ੍ਹਾਂ ਨੇ 2013 'ਚ ਕਿਹਾ ਸੀ ਕਿ ਜੇ ਤੁਸੀਂ ਮੇਰੀ ਕਿਤਾਬ ਪੜ੍ਹ ਰਹੇ ਹੋ ਤਾਂ ਮੈਂ ਚਾਹੁੰਦੀ ਹਾਂ ਕਿ ਤੁਸੀਂ ਅਗਲਾ ਪੈਰਾ ਪੜ੍ਹਨ ਲਈ ਰੁਕੇ ਰਹੋ।

# ਸ਼ਰਾਬੀ ਨੇ ਤਿੰਨ ਸਕੇ ਭੈਣ-ਭਰਾਵਾਂ ਸਮੇਤ ਚਾਰ ਬੱਚਿਆਂ ਨੂੰ ਗੱਡੀ ਥੱਲੇ ਕੁਚਲਿਆ, ਇਲਾਕੇ ਵਿਚ ਫੈਲਿਆ ਸੋਗ


ਵਿਰਲਾਪ ਕਰਦੇ ਪਰਿਵਾਰਕ ਮੈਂਬਰ।

ਸਿਡਨੀ, 3 ਫਰਵਰੀ (ਪੋਸਟ ਬਿਊਰੋ)- ਸਿਡਨੀ ਦੇ ਪੈਰਾਮੈਟਾ ਇਲਾਕੇ ਨੇੜੇ ਸ਼ਰਾਬੀ ਵੱਲੋਂ ਗੱਡੀ ਥੱਲੇ ਕੁਚਲ ਕੇ ਚਾਰ ਬੱਚਿਆਂ ਦੀ ਦਰਦਨਾਕ ਮੌਤ ਨੇ ਸੋਗ ਦੀ ਲਹਿਰ ਫੈਲਾ ਦਿੱਤੀ ਹੈ।

29 ਸਾਲਾ ਸੈਮੂਅਲ ਵਿਲੀਅਮ ਡੈਵਿਡਸਨ ਵੱਲੋਂ ਬੇਕਾਬੂ ਹੋਈ ਗੱਡੀ ਤੁਰੇ ਜਾਂਦੇ ਬੱਚਿਆਂ ਉਤੇ ਜਾ ਚੜ੍ਹੀ। ਇਸ ਘਟਨਾ ਵਿੱਚ ਇੱਕ ਮਾਂ ਦੇ ਤਿੰਨ ਬੱਚੇ ਮਾਰੇ ਗਏ ਤੇ ਇੱਕ ਉਨ੍ਹਾਂ ਦੇ ਚਾਚੇ ਦੀ ਕੁੜੀ ਦੀ ਮੌਤ ਹੋ ਗਈ। ਦੋ ਬੱਚੇ ਹਸਪਤਾਲ ਵਿੱਚ ਦਾਖਲ ਹਨ। ਜਦ ਪੁਲਸ ਨੇ ਇਸ ਡਰਾਈਵਰ ਨੂੰ ਫੜਿਆ ਤਾਂ ਉਸ ਨੇ ਤਿੰਨ ਗੁਣਾ ਵਧੇਰੇ ਸ਼ਰਾਬ ਪੀਤੀ ਹੋਈ ਸੀ। ਮਰਨ ਵਾਲਿਆਂ ਵਿੱਚ 13 ਸਾਲਾ ਐਂਥਨੀ, 12 ਸਾਲਾ ਐਂਜਲੀਨਾ, 9 ਸਾਲਾ ਸੀਰੀਨਾ ਤੇ 11 ਸਾਲਾ ਵੀਰੋਨੀਕ ਹੈ। ਦੋਸ਼ੀ ਨੂੰ ਅਦਾਲਤ ਪੇਸ਼ ਕੀਤਾ ਗਿਆ, ਜਿੱਥੇ ਉਸਦੀ ਜ਼ਮਾਨਤ ਰੱਦ ਕਰ ਦਿੱਤੀ ਗਈ। ਬੱਚਿਆਂ ਦੀ ਮਾਂ ਨੇ ਕਿਹਾ ਕਿ ਮੇਰੇ ਕੋਲ ਸ਼ਬਦ ਨਹੀਂ ਕਿ ਮੈਂ ਕੁਝ ਕਹਿ ਸਕਾਂ। ਸੜਕ 'ਤੇ ਜਾਣ ਸਮੇਂ ਸ਼ਰਾਬ ਜਾਂ ਹੋਰ ਨਸ਼ਾ ਕਰਨ ਲਈ ਪੁਲਸ ਅਫ਼ਸਰ ਵੱਲੋਂ ਵਿਸ਼ੇਸ਼ ਹਦਾਇਤ ਕੀਤੀ ਗਈ।


ਮਾਰੇ ਗਏ ਭੈਣ ਭਰਾ।

## ਭਾਰਤ ਨੇ ਚੀਨੀ ਨਾਗਰਿਕਾਂ ਤੇ ਵਿਦੇਸ਼ੀਆਂ ਲਈ ਈ-ਵੀਜ਼ਾ ਸਹੂਲਤ ਸਸਪੈਂਡ ਕੀਤੀ



ਬੀਜਿੰਗ, 3 ਫਰਵਰੀ (ਪੋਸਟ ਬਿਊਰੋ)- ਭਾਰਤ ਨੇ ਕੱਲ੍ਹ ਚੀਨ ਤੋਂ ਆਉਣ ਵਾਲੇ ਚੀਨੀ ਤੇ ਹੋਰ ਵਿਦੇਸ਼ੀ ਯਾਤਰੀਆਂ ਲਈ ਈ-ਵੀਜ਼ਾ ਸਹੂਲਤ ਨੂੰ ਵਕਤੀ ਤੌਰ 'ਤੇ ਸਸਪੈਂਡ ਕਰ ਦਿੱਤਾ ਹੈ। ਭਾਰਤ ਨੇ ਇਹ ਕਦਮ ਚੀਨ ਵਿੱਚ ਕੋਰੋਨਾ ਵਾਇਰਸ ਦੇ ਫੈਲਣ ਕਾਰਨ 300 ਤੋਂ ਵੱਧ ਲੋਕਾਂ ਦੀ ਮੌਤ, 14562 ਲੋਕਾਂ ਦੇ ਪ੍ਰਭਾਵਤ ਹੋਣ ਅਤੇ ਭਾਰਤ, ਅਮਰੀਕਾ, ਬ੍ਰਿਟੇਨ ਸਮੇਤ 25 ਦੇਸ਼ਾਂ ਵਿੱਚ ਫੈਲਣ ਦੇ ਮੱਦੇਨਜ਼ਰ ਚੁੱਕਿਆ ਹੈ।

ਭਾਰਤੀ ਦੂਤਘਰ ਨੇ ਐਲਾਨ ਕੀਤਾ ਹੈ ਕਿ ਤਾਜ਼ਾ ਸਥਿਤੀਆਂ ਦੇ ਕਾਰਨ ਈ-ਵੀਜ਼ਾ ਰਾਹੀਂ ਭਾਰਤ ਦੀ ਯਾਤਰਾ 'ਤੇ ਤੁਰੰਤ ਪ੍ਰਭਾਵ ਨਾਲ ਰੋਕ ਲਾਈ ਜਾਂਦੀ ਹੈ। ਦੂਤਘਰ ਨੇ ਕਿਹਾ, ਇਹ ਫੈਸਲਾ ਚੀਨੀ ਪਾਸਪੋਰਟ ਧਾਰਕਾਂ ਅਤੇ ਦੂਜੇ ਦੇਸ਼ਾਂ ਦੇ ਬਿਨੈਕਾਰਾਂ 'ਤੇ ਲਾਗੂ ਹੋਵੇਗਾ, ਜੋ ਚੀਨ ਦੀ ਮੁੱਖ ਭੂਮੀ ਵਿੱਚ ਰਹਿੰਦੇ ਹਨ। ਇਸੇ ਤਰ੍ਹਾਂ ਜਿਨ੍ਹਾਂ ਲੋਕਾਂ ਨੂੰ ਪਹਿਲਾਂ ਈ-ਵੀਜ਼ਾ ਜਾਰੀ ਹੋਇਆ ਹੈ, ਉਨ੍ਹਾਂ ਨੂੰ ਨੋਟ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਦਾ ਈ-ਵੀਜ਼ਾ ਸਸਪੈਂਡ ਹੋ ਗਿਆ ਹੈ। ਭਾਰਤੀ ਦੂਤਘਰ ਨੇ ਹੁਕਮ ਵਿੱਚ ਕਿਹਾ, ਜਿਨ੍ਹਾਂ ਲੋਕਾਂ ਲਈ ਭਾਰਤ ਦੀ ਯਾਤਰਾ ਜ਼ਰੂਰੀ ਹੈ, ਉਹ ਬੀਜਿੰਗ ਵਿੱਚ ਭਾਰਤੀ ਦੂਤਘਰ ਤੇ ਸ਼ੰਘਾਈ ਅਤੇ ਗੁਆਂਗਜ਼ੂ ਵਿਚਲੇ ਕੌਂਸਲੇਟ ਅਤੇ ਓਥੇ ਭਾਰਤੀ ਵੀਜ਼ਾ ਐਪਲੀਕੇਸ਼ਨ ਸੈਂਟਰਾਂ ਨਾਲ ਸੰਪਰਕ ਕਰ ਸਕਦੇ ਹਨ।

# ਅਮਰੀਕੀ ਸੁਪਰੀਮ ਕੋਰਟ ਦੇ ਨਵੇਂ ਆਦੇਸ਼ ਨਾਲ ਲੱਖਾਂ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਲਾਭ ਨਹੀਂ ਮਿਲਣਗੇ



ਸੈਕਰਾਮੈਂਟੋ, 3 ਫਰਵਰੀ (ਪੋਸਟ ਬਿਊਰੋ)-ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਨੂੰ ਆਪਣੇ 'ਪਬਲਿਕ ਚਾਰਜ' ਨਿਯਮ ਨੂੰ ਫ਼ੌਰਨ ਲਾਗੂ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ, ਜਿਸ ਨਾਲ ਘੱਟ ਆਮਦਨ ਵਾਲੇ ਲੋਕਾਂ ਨੂੰ ਇੰਮੀਗ੍ਰੇਸ਼ਨ ਦੇ ਲਾਭ ਨਹੀਂ ਮਿਲਣਗੇ। ਕੋਰਟ ਦੇ ਨੌਂ ਮੈਂਬਰੀ ਬੈਂਚ ਵੱਲੋਂ ਪੰਜ-ਚਾਰ ਦੇ ਫ਼ਰਕ ਨਾਲ ਦਿੱਤੇ ਫ਼ੈਸਲੇ ਨਾਲ ਅਮਰੀਕਾ ਵਿਚ ਲੱਖਾਂ ਪ੍ਰਵਾਸੀ ਲੋਕਾਂ ਨੂੰ ਹਰ ਸਾਲ ਗਰੀਨ ਕਾਰਡ ਦੇਣ ਤੋਂ ਇਨਕਾਰ ਹੋ ਸਕਦਾ ਹੈ ਤੇ ਉਹ ਸਹੂਲਤਾਂ ਤੋਂ ਵਾਂਝੇ ਹੋ ਜਾਣਗੇ।

ਪਬਲਿਕ ਚਾਰਜ ਨਿਯਮ ਨੂੰ ਅਗਸਤ 2019 ਵਿੱਚ ਅੰਤਿਮ ਰੂਪ ਦਿੱਤਾ ਗਿਆ ਸੀ ਤੇ ਇਸ ਨੂੰ ਪਿਛਲੇ ਸਾਲ 15 ਅਕਤੂਬਰ ਨੂੰ ਲਾਗੂ ਕੀਤਾ ਜਾਣਾ ਸੀ, ਪਰ ਹੇਠਲੀਆਂ ਅਦਾਲਤਾਂ ਨੇ ਇਸ ਦੇ ਅਮਲ ਉਪੱਰ ਰੋਕ ਲਾ ਦਿੱਤੀ ਸੀ। ਭਵਿੱਖ ਵਿੱਚ ਇਹ ਨਿਯਮ ਇਲੀਨੋਇਸ ਨੂੰ ਛੱਡ ਕੇ ਸਮੁੱਚੇ ਅਮਰੀਕਾ ਵਿੱਚ ਲਾਗੂ ਹੋ ਜਾਵੇਗਾ। ਕੇਵਲ ਉਹੀ ਲੋਕ ਇਸ ਨਿਯਮ ਤੋਂ ਬਚ ਸਕਣਗੇ, ਜਿਨ੍ਹਾਂ ਦੇ ਦੋ ਮੈਂਬਰੀ ਪਰਵਾਰ ਦੀ ਸਾਲਾਨਾ ਕਮਾਈ ਘੱਟੋ-ਘੱਟ 41 ਹਜ਼ਾਰ ਡਾਲਰ ਹੋਵੇਗੀ। ਸੱਤ ਫ਼ੀਸਦੀ ਭਾਰਤੀ ਮੂਲ ਦੇ ਅਮਰੀਕੀ ਲੋਕ ਗ਼ਰੀਬੀ ਪੱਧਰ ਤੋਂ ਹੇਠਾਂ ਜੀਵਨ ਗੁਜ਼ਾਰਦੇ ਹਨ। ਇਸ ਤਰ੍ਹਾਂ ਇਨ੍ਹਾਂ ਉਪਰ ਇਸ ਨਿਯਮ ਦਾ ਵਿਆ-ਪਕ ਅਸਰ ਪਵੇਗਾ। ਅਮਰੀਕਾ ਰਹਿੰਦੇ ਬਜ਼ੁਰਗ ਭਾਰਤੀ ਆਪਣੇ ਬੱਚਿਆਂ ਕੋਲ ਬਾਕੀ ਜ਼ਿੰਦਗੀ ਜਿਊਣ ਦੀ ਖ਼ਾਹਿਸ਼ ਰੱਖਦੇ ਹਨ, ਉਹ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ ਤੇ ਉਨ੍ਹਾਂ ਦਾ ਅਮਰੀਕਾ ਜਾ ਕੇ ਆਪਣੇ ਬੱਚਿਆਂ ਕੋਲ ਰਹਿਣ ਦਾ ਸੁਪਨਾ ਟੁੱਟ ਜਾਵੇਗਾ। ਸੁਪਰੀਮ ਕੋਰਟ ਦੇ ਇਸ ਆਦੇਸ਼ ਦੀ ਵਿਆਪਕ ਆਚੋਲਨਾ ਹੋ ਰਹੀ ਹੈ।

ਏਸ਼ੀਅਨ ਪੈਸੀਫਿਕ ਪਾਲਿਸੀ ਐਂਡ ਪਲੈਨਿੰਗ ਕੌਂਸਲ ਦੀ ਕਾਰਜਕਾਰੀ ਡਾਇਰੈਕਟਰ ਮੰਜੂ ਕੁਲਕਰਨੀ ਨੇ ਕਿਹਾ ਹੈ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਇੱਕ ਵਾਰ ਫਿਰ ਟਰੰਪ ਪ੍ਰਸ਼ਾਸਨ ਦੀ ਰਬੜ ਮੋਹਰ ਹੋਣ ਦਾ ਰਾਹ ਚੁਣਿਆ ਹੈ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦਾ ਫ਼ੈਸਲਾ ਪ੍ਰਵਾਸੀ ਭਾਈਚਾਰੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ।

ਕੈਲੇਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਕੁਲਕਰਨੀ ਦੀ ਚਿੰਤਾ ਨੂੰ ਜਾਇਜ਼ ਦੱਸ ਕੇ ਕਿਹਾ ਹੈ ਕਿ ਕੋਰਟ ਦਾ ਨਿਰਣਾ ਬਹੁਤ ਖ਼ਤਰਨਾਕ ਹੈ। ਵਰਨਣ ਯੋਗ ਹੈ ਕਿ ਪਿਛਲੇ ਸਾਲ ਅਗਸਤ ਵਿੱਚ ਕੈਲੇਫੋਰਨੀਆ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਦਾਇਰ ਪਟੀਸ਼ਨ ਵਿੱਚ ਕਿਹਾ ਸੀ ਕਿ ਪਬਲਿਕ ਚਾਰਜ ਨਿਯਮ ਗੈਰ-ਕਾਨੂੰਨੀ ਹੈ। ਉਨ੍ਹਾਂ ਕਿਹਾ ਕਿ ਕੈਲੇਫੋਰਨੀਆ ਪ੍ਰਵਾਸੀ ਭਾਰਤੀਆਂ ਨੂੰ ਡਰਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਆਪਣਾ ਸੰਘਰਸ਼ ਜਾਰੀ ਰੱਖੇਗਾ।


ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative




Tel: 905.793.5777
416.802.5866
31 Melanie Dr. Unit #4 Brampton, ON L6T 5H8



Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।



VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੇਲੂਨ। ਰੈਂਟ ਸਿਰਫ $3324/ਮਹੀਨਾ।



Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ । ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ ।

# ਪੰਜਾਬ 'ਚ ਮਿੱਥ ਕੇ ਕੀਤੇ ਕਤਲਾਂ ਦੇ ਦੋਸ਼ੀ ਗੁਗਨੀ ਨੂੰ ਅਸਲ੍ਹਾ ਦੇਣ ਵਾਲਾ ਗ੍ਰਿਫ਼ਤਾਰ

ਐਸ ਏ ਐਸ ਨਗਰ, 3 ਫਰਵਰੀ (ਪੋਸਟ ਬਿਊਰੋ)- ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸਬੰਧਿਤ ਦੱਸੇ ਜਾਂਦੇ ਇੱਕ ਦੋਸ਼ੀ ਨੂੰ ਮੁਹਾਲੀ ਪੁਲਸ ਉੱਤਰ ਪ੍ਰਦੇਸ਼ ਤੋਂ ਲਿਆਈ ਹੈ। ਉਸ ਦੀ ਪਛਾਣ ਆਸ਼ੀਸ਼ ਕੁਮਾਰ ਵਾਸੀ ਟੀਕਰੀ ਮੇਰਠ, ਹਾਲ ਵਾਸੀ ਰੁੜਕੀ ਉਤਰਾਖੰਡ ਵਜੋਂ ਹੋਈ ਹੈ ਅਤੇ ਉਸ ਉੱਤੇ ਦੋਸ਼ ਹੈ ਕਿ ਉਸ ਵੱਲੋਂ ਪੰਜਾਬ 'ਚ ਟਾਰਗੇਟ ਕਿਲਿੰਗ ਦੇ ਕੇਸਾਂ ਵਿੱਚ ਨਾਮਜ਼ਦ ਧਰਮਿੰਦਰ ਸਿੰਘ ਗੁਗਨੀ ਨੂੰ ਹਥਿਆਰ ਸਪਲਾਈ ਕੀਤੇ ਸਨ।

ਆਸ਼ੀਸ਼ ਕੁਮਾਰ ਨੂੰ ਉੱਤਰ ਪ੍ਰਦੇਸ਼ ਦੇ ਅੱਤਵਾਦ ਵਿਰੋਧੀ ਸਕੁਆਡ (ਏ ਟੀ ਐਸ) ਨੇ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਟਰਾਂਜਿਟ ਰਿਮਾਂਡ 'ਤੇ ਲਿਆ ਕੇ ਮੁਹਾਲੀ ਦੇ ਡਿਊਟੀ ਮੈਜਿਸਟ੍ਰੇਟ ਦੀ ਅਦਾਲਤ 'ਚ ਪੇਸ਼ ਕੀਤਾ ਗਿਆ ਤਾਂ ਅਦਾਲਤ ਨੇ ਉਸ ਨੂੰ ਚਾਰ ਦਿਨ ਦੇ ਪੁਲਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪਤਾ ਲੱਗਾ ਹੈ ਕਿ ਆਸ਼ੀਸ਼ ਕੁਮਾਰ ਕਾਫੀ ਸਮੇਂ ਤੋਂ ਗੁਗਨੀ ਦੇ ਸੰਪਰਕ 'ਚ ਸੀ। ਪਿਛਲੇ ਦਿਨੀਂ ਪਾਕਿਸਤਾਨ ਵਿੱਚ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਜਿਹੜੇ ਖਾੜਕੂ ਹਰਮੀਤ ਸਿੰਘ ਹੈਪੀ ਪੀ ਐਚ ਡੀ ਦੀ ਹੱਤਿਆ ਕਰ ਦਿੱਤੀ ਗਈ ਸੀ, ਗੁਗਨੀ ਨੂੰ ਉਸ ਦੀ ਖੱਬੀ ਬਾਂਹ ਮੰਨਿਆ ਜਾਂਦਾ ਹੈ। ਪਤਾ ਲੱਗਾ ਹੈ ਕਿ ਆਸ਼ੀਸ਼ ਕੁਮਾਰ ਨੇ ਉੱਤਰ ਪ੍ਰਦੇਸ਼ ਪੁਲਸ ਕੋਲ ਖੁਲਾਸਾ ਕੀਤਾ ਹੈ ਕਿ 2009 ਵਿੱਚ ਸ਼ਰਾਬ ਤਸਕਰੀ ਦੇ ਇੱਕ ਕੇਸ, ਜਿਹੜਾ ਥਾਣਾ ਲਾਲੜੂ ਵਿਖੇ ਦਰਜ ਹੈ, ਦੇ ਸਬੰਧ 'ਚ ਉਹ ਆਪਣੀ ਮਾਸੀ ਦੇ ਲੜਕੇ ਬਿੱਟੂ ਸਮੇਤ ਗ੍ਰਿਫ਼ਤਾਰ ਹੋਇਆ ਸੀ। ਅੱਠ ਅਪ੍ਰੈਲ 2010 ਨੂੰ 40 ਕਿੱਲੋ ਡੋਡਿਆਂ ਸਮੇਤ ਆਸ਼ੀਸ਼ ਕੁਮਾਰ ਅਤੇ ਦੋ ਹੋਰਨਾਂ ਨੂੰ ਲਾਲੜੂ ਪੁਲਸ ਨੇ ਫੜਿਆ ਅਤੇ ਇਸ ਕੇਸ ਵਿੱਚ ਉਸ ਨੂੰ 10 ਸਾਲ ਦੀ ਕੈਦ ਹੋਈ ਸੀ। ਇਸ ਦੌਰਾਨ ਉਸ ਦੀ ਪਟਿਆਲਾ ਜੇਲ੍ਹ 'ਚ



ਗੁਗਨੀ ਤੇ ਸੁਖਬੀਰ ਸਿੰਘ ਸੁੱਖਾ ਵਾਸੀ ਕਰਤਾਪੁਰ, ਰਿਚੀ ਵਾਸੀ ਮੁਹਾਲੀ ਐ ਹੈਪੀ ਵਾਸੀ ਸੰਗਰੂਰ ਨਾਲ ਮੁਲਾਕਾਤ ਹੋਈ ਅਤੇ ਦੋਸਤੀ ਵਿੱਚ ਬਦਲ ਗਈ। ਸਾਲ 2014 ਵਿੱਚ ਜਦੋਂ ਆਸ਼ੀਸ਼ ਕੁਮਾਰ ਜੇਲ੍ਹ ਤੋਂ ਬਾਹਰ ਆਇਆ ਤਾਂ ਉਸ ਰਾਹੀਂ ਸੁਖਬੀਰ ਸਿੰਘ ਸੁੱਖਾ ਨੇ 32 ਬੋਰ ਦੇ ਪੰਜ ਪਿਸਤੌਲ ਮੰਗਵਾਏ ਸਨ। 2016 ਵਿੱਚ ਗੁਗਨੀ ਨੇ ਆਸ਼ੀਸ਼ ਕੁਮਾਰ ਰਾਹੀਂ 12 ਪਿਸਤੌਲ ਮੰਗੇ, ਪ੍ਰੰਤੂ ਆਸ਼ੀਸ਼ ਨੇ ਗੁਗਨੀ ਨੂੰ ਚਾਰ ਪਿਸਤੌਲ ਦਿੱਤੇ ਸਨ। 2017 ਵਿੱਚ ਆਸ਼ੀਸ਼ ਨੇ ਗੁਗਨੀ ਨੂੰ ਦੋ ਪਿਸਤੌਲ ਵੇਚੇ ਅਤੇ 2018 ਵਿੱਚ ਮੁੜ ਗੁਗਨੀ ਨੂੰ 32 ਬੋਰ ਦੇ ਦੋ ਪਿਸਤੌਲ ਪੁਚਾਏ ਸਨ। 2019 ਵਿੱਚ ਗੁਗਨੀ ਦੇ ਕਹਿਣ ਉਤੇ ਦੋ ਪਿਸਤੌਲ ਸੁੱਖਾ ਦੇ ਰਾਹੀਂ ਭੇਜੇ ਵਿਅਕਤੀ ਨੂੰ ਦਿੱਤੇ ਗਏ ਸਨ।

ਵਰਨਣ ਯੋਗ ਹੈ ਕਿ ਹਰਮੀਤ ਸਿੰਘ ਉਰਫ 'ਹੈਪੀ ਪੀ ਐਚ ਡੀ' ਨੂੰ ਗਗਨੇਜਾ ਕਤਲ ਕੇਸ ਅਤੇ ਸ਼ਿਵ ਸੈਨਾ ਆਗੂ ਅਮਿਤ ਸ਼ਰਮਾ ਉਤੇ ਹੋਏ ਹਮਲੇ ਵਿੱਚ ਐਨ ਆਈ ਏ ਵੱਲੋਂ ਨਾਮਜ਼ਦ ਕੀਤਾ ਸੀ। ਮੁਹਾਲੀ ਪੁਲਸ ਦੇ ਅਨੁਸਾਰ ਆਸ਼ੀਸ਼ ਕੁਮਾਰ ਦੇ ਖ਼ਿਲਾਫ਼ ਥਾਣਾਂ ਫ਼ੇਜ਼-1 ਮੁਹਾਲੀ ਵਿਖੇ ਸਾਲ 2018 'ਚ ਕੇਸ ਦਰਜ ਕੀਤਾ ਗਿਆ ਸੀ ਅਤੇ ਉਸ ਮਾਮਲੇ 'ਚ ਹੀ ਸੀ ਆਈ ਏ ਮੁਹਾਲੀ ਨੇ ਉਸ ਨੂੰ ਗ੍ਰਿਫ਼ਤਾਰ ਕਰ ਕੇ ਰਿਮਾਂਡ ਹਾਸਲ ਕੀਤਾ ਹੈ।

# ਗੁਰਦੁਆਰਾ ਕਮੇਟੀ ਪ੍ਰਧਾਨ ਉੱਤੇ ਹਮਲਾ, ਚਾਰ ਉਂਗਲਾਂ ਕੱਟੀਆਂ, ਹਾਲਤ ਗੰਭੀਰ

ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਤੇਜ਼ਧਾਰ ਹਥਿਆਰਾਂ ਨਾਲ ਲੈਸ 10-12 ਲੋਕਾਂ ਨੇ ਕੱਲ੍ਹ ਸ਼ਾਮ ਮਹਿਤਾਬ ਨਗਰ ਵਿੱਚ ਸ੍ਰੀ ਗੁਰੂ ਰਵਿਦਾਸ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਉਨ੍ਹਾਂ ਦੇ ਦੋਸਤ 'ਤੇ ਜਾਨਲੇਵਾ ਹਮਲਾ ਕਰ ਦਿੱਤਾ। ਹਮਲੇ ਵਿੱਚ ਕਮੇਟੀ ਪ੍ਰਧਾਨ ਸੁਖਵਿੰਦਰ ਕੁਮਾਰ (30 ਸਾਲ) ਵਾਸੀ ਮਹਿਤਾਬ ਨਗਰ ਅਤੇ ਉਨ੍ਹਾਂ ਦਾ 33 ਸਾਲਾ ਦੋਸਤ ਜਸਵੀਰ ਲਾਲ ਜ਼ਖਮੀ ਹੋ ਗਏ। ਸੁਖਵਿੰਦਰ ਕੁਮਾਰ ਗੁਰਦੁ-ਆਰਾ ਸਾਹਿਬ ਦੇ ਬਾਹਰ ਆਪਣੇ ਦੋਸਤ ਗੱਲਬਾਤ ਕਰ ਰਹੇ ਸਨ। ਹਮਲੇ ਵਿੱਚ ਸੁਖਵਿੰਦਰ ਸਿੰਘ ਦੀਆਂ ਚਾਰ ਉਂਗਲਾਂ ਹੱਥ ਨਾਲੋਂ ਕੱਟ ਕੇ ਵੱਖ ਹੋ ਗਈਆਂ। ਜਸਵੀਰ ਸਿੰਘ ਦੇ ਸਿਰ 'ਤੇ ਦਾਤਰ ਦੇ ਹਮਲੇ ਨਾਲ ਦੋ ਇੰਚ ਡੂੰਘਾ ਜ਼ਖਮ ਹੋਇਆ ਤੇ ਉਸ ਦੇ ਹੱਥ ਉੱਤੇ ਵੀ ਦਾਤਰ ਦਾ ਜ਼ਖਮ ਹੈ।



ਇਸ ਸੰਬੰਧ ਵਿੱਚ ਸੁਖਵਿੰਦਰ ਕੁਮਾਰ ਦੇ ਭਰਾ ਨਵਦੀਪ ਨੇ ਦੱਸਿਆ ਕਿ ਉਹ ਪੰਜਾਬ ਪੁਲਸ ਵਿੱਚ ਮੁਲਾਜ਼ਮ ਹੈ ਤੇ ਲੰਬੇ ਸਮੇਂ ਤੋਂ ਮਹਿਤਾਬ ਨਗਰ ਦੇ ਗੁਰਦੁਆਰ ਸ੍ਰੀ ਗੁਰੂ ਰਵਿਦਾਸ ਦੀ ਪ੍ਰਧਾਨਗੀ ਬਾਰੇ ਕੁਝ ਲੋਕ ਉਸ ਨਾਲ ਰੰਜਿਸ਼ ਰੱਖਦੇ ਸਨ। ਨਵਦੀਪ ਨੇ ਦੱਸਿਆ ਕਿ ਉਹ ਸੁਖਵਿੰਦਰ ਕੁਮਾਰ ਅਤੇ ਉਨ੍ਹਾਂ ਦੇ ਕਮੇਟੀ ਮੈਂਬਰਾਂ 'ਤੇ ਦੋਸ਼ ਲਾਉਂਦੇ ਸਨ ਕਿ ਉਹ ਗੁਰਦੁਆਰੇ ਦੇ ਪੈਸਿਆਂ ਦੀ ਗਲਤ ਵਰਤੋਂ ਕਰਦੇ ਹਨ, ਜਿਸ ਕਾਰਨ ਸੁਖਵਿੰਦਰ ਅਤੇ ਉਨ੍ਹਾਂ ਦੀ ਕਈ ਵਾਰ ਬਹਿਸ ਹੋਈ ਸੀ। ਪਰਸੋਂ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਸੁਖਵਿੰਦਰ 'ਤੇ ਹਮਲਾ ਕਰ ਦਿੱਤਾ। ਇਸ ਦੀ ਸੂਚਨਾ ਥਾਣਾ ਰਾਮਾਮੰਡੀ ਪੁਲਸ ਨੂੰ ਦਿੱਤੀ ਗਈ ਤਾਂ ਪੁਲਸ ਨੇ ਸੁਖਵਿੰਦਰ ਕੁਮਾਰ ਦੇ ਬਿਆਨ ਦਰਜ ਕੀਤੇ। ਪੁਲਸ ਸੀ ਸੀ ਟੀ ਵੀ ਦੇ ਆਧਾਰ 'ਤੇ ਦੋਸ਼ੀਆਂ ਦਾ ਪਤਾ ਲਗਾਉਣ ਵਿੱਚ ਲੱਗੀ ਹੋਈ ਹੈ।

## ਐਮੀ ਵਿਰਕ ਦੀ ਫਿਲਮ ਦੀ ਸ਼ੂਟਿੰਗ ਨੂੰ ਜਾਂਦੀ ਸਹਿ ਕਲਾਕਾਰ ਦੀ ਸੜਕ ਹਾਦਸੇ ਵਿੱਚ ਮੌਤ

ਰਾਜਪੁਰਾ, 3 ਫਰਵਰੀ (ਪੋਸਟ ਬਿਊਰੋ)- ਕੱਲ੍ਹ ਸਵੇਰੇ ਪੰਜ ਵਜੇ ਸੰਘਣੀ ਧੁੰਦ ਕਾਰਨ ਇੱਕ ਕੁਆਲਿਸ ਗੱਡੀ ਦੇ ਸਥਾਨਕ ਸ਼ਹਿਰ ਵਾਲੇ ਪੁਲ ਦੇ ਗਾਰਡਰ ਨਾਲ ਟਕਰਾਉਣ ਕਰਨ ਇੱਕ ਫ਼ਿਲਮ ਦੀ ਸਹਿ ਕਲਾਕਾਰ ਦੀ ਮੌਤ ਹੋ ਗਈ। ਇਸ ਹਾਦਸੇ ਵਿੱਚ ਦੋ ਹੋਰ ਕਲਾਕਾਰ ਜ਼ਖ਼ਮੀ ਹੋ ਗਈਆਂ, ਜਿਨ੍ਹਾਂ ਨੂੰ ਸਿਵਲ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ।

ਥਾਣਾ ਸਿਟੀ ਦੀ ਬੱਸ ਅੱਡਾ ਚੌਕੀ ਦੇ ਸਹਾਇਕ ਥਾਣੇਦਾਰ ਹਰਨੇਕ ਸਿੰਘ ਨੇ ਦੱਸਿਆ ਕਿ ਹਾਦਸੇ 'ਚ ਜ਼ਖ਼ਮੀ ਹੋਈ ਹਿਮਾਨੀ ਸੋਨੀ ਤੇ ਰਿਸ਼ੀਕਾ ਵਾਸੀ ਚੰਡੀਗੜ੍ਹ ਨੇ ਬਿਆਨ ਦਿੱਤੇ ਹਨ ਕਿ ਉਨ੍ਹਾਂ ਨਾਲ ਪੂਜਾ (22) ਮੂਲ ਰੂਪ ਵਿੱਚ ਹਿਮ-ਾਚਲ ਪ੍ਰਦੇਸ਼ ਦੀ ਵਾਸੀ ਹਾਲ ਆਬਾਦ ਚੰਡੀਗੜ੍ਹ ਸਮੇਤ ਤਿੰਨੇ ਲੜਕੀਆਂ ਫ਼ਿਲਮਾਂ ਵਿੱਚ ਸਹਿ ਕਲਾਕਾਰ (ਸਹਾਇਕ ਡਾਂਸਰ) ਵਜੋਂ ਕੰਮ ਕਰਦੀਆਂ ਹਨ। ਕੱਲ੍ਹ ਸਵੇਰੇ ਕਰੀਬ ਚਾਰ ਵਜੇ ਉਹ ਚੰਡੀਗੜ੍ਹ ਤੋਂ ਇੱਕ ਕੁਆਲਿਸ ਗੱਡੀ ਰਾਹੀਂ ਪਟਿਆਲਾ ਐਮੀ ਵਿਰਕ ਦੀ ਫ਼ਿਲਮ ਦੀ ਸ਼ੂਟਿੰਗ ਵਿੱਚ ਹਿੱਸਾ ਲੈਣ ਜਾ ਰਹੀਆਂ ਸਨ। ਗੱਡੀ ਵਿੱਚ ਉਹ ਦੋਵੇਂ ਪਿਛਲੀ ਸੀਟ ਉੱਤੇ ਸਨ ਅਤੇ ਪੂਜਾ ਅਗਲੀ ਸੀਟ 'ਤੇ ਚਾਲਕ ਨਾਲ ਬੈਠੀ ਸੀ। ਜਦੋਂ ਉਨ੍ਹਾਂ ਦੀ ਗੱਡੀ ਸਵੇਰੇ ਪੰਜ ਵਜੇ ਦੇ ਕਰੀਬ ਰਾਜਪੁਰਾ ਸ਼ਹਿਰ ਦੇ ਅੰਦਰਲੇ ਪੁਲ ਤੋਂ ਚੜ੍ਹਨ ਲੱਗੀ ਤਾਂ ਸੰਘਣੀ ਧੁੰਦ ਕਾਰਨ ਚਾਲਕ ਨੂੰ ਕੁਝ ਨਜ਼ਰ ਨਹੀਂ ਆਇਆ ਤੇ ਗੱਡੀ ਪੁਲ ਦੇ ਇੱਕ ਪਾਸੇ ਲੱਗੇ ਗਾਰਡਰ 'ਚ ਵੱਜੀ, ਜਿਸ 'ਤੇ ਉਹ ਤਿੰਨੇ ਜ਼ਖ਼ਮੀ ਹੋ ਗਈਆਂ। ਉਨ੍ਹਾਂ ਨੂੰ ਸਿਵਲ ਹਸਪਤਾਲ 'ਚ ਇਲਾਜ ਲਈ ਲਿਆਂਦਾ ਗਿਆ ਜਿੱਥੇ ਡਾਕਟਰਾਂ ਨੇ ਪੂਜਾ ਨੂੰ ਮ੍ਰਿਤਕ ਐਲਾਨ ਕਰ ਦਿੱਤਾ।

# ਸੜਕ ਹਾਦਸੇ ਵਿੱਚ ਮਾਰੇ ਗਏ ਨੌਜਵਾਨ ਦੀ ਲਾਸ਼ ਤੋਂ ਸਾਰੀ ਰਾਤ ਵਾਹਨ ਲੰਘਦੇ ਰਹੇ

ਕੋਟਕਪੂਰਾ, 3 ਫਰਵਰੀ (ਪੋਸਟ ਬਿਊਰੋ)- ਕੱਲ੍ਹ ਨੈਸ਼ਨਲ ਹਾਇਵੇ-54 'ਤੇ ਇੱਕ ਅਣਪਛਾਤੇ ਵਾਹਨ ਹੇਠ ਆਉਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ ਤੇ ਫਿਰ ਉਸ ਦੀ ਲਾਸ਼ ਵੀ ਰੁਲਦੀ ਰਹੀ। ਮਿਲੀ ਜਾਣਕਾਰੀ ਅਨੁਸਾਰ ਤਿੰਨ ਭੈਣਾਂ ਦਾ ਇਕਲੌਤਾ ਭਰਾ ਕਮਲ ਕੁਮਾਰ ਪੁੱਤਰ ਸੁਰਿੰਦਰ ਕੁਮਾਰ ਵਾਸੀ ਨੇੜੇ ਜੈਤੋ ਚੁੰਗੀ ਕੋਟਕਪੂਰਾ ਅੱਧੀ ਰਾਤ ਦੇ ਕਰੀਬ ਇਸ ਸੜਕ 'ਤੇ ਪੈਦਲ ਜਾ ਰਿਹਾ ਸੀ ਕਿ ਕਿਸੇ ਅਣਪਛਾਤੇ ਵਾਹਨ ਹੇਠ ਆ ਗਿਆ। ਫਿਰ ਧੁੰਦ ਅਤੇ ਰਾਤ ਦਾ ਸਮਾਂ ਹੋਣ ਕਾਰਨ ਉਥੋਂ ਲੰਘਦੇ ਵਾਹਨਾਂ ਨੂੰ ਇਸ ਦਾ ਪਤਾ ਨਾ ਲੱਗਾ ਅਤੇ ਵੱਡੀ ਗਿਣਤੀ ਵਿੱਚ ਹੋਰ ਵਾਹਨ ਉਪਰੋਂ ਲੰਘ ਗਏ, ਜਿਸ ਕਾਰਨ ਇਸ ਦਾ ਸਰੀਰ ਬੁਰੀ ਤਰ੍ਹਾਂ ਕੁਚਲਿਆ ਗਿਆ। ਸਥਾਨਕ ਸਿਟੀ ਥਾਣੇ ਦੇ ਏ ਐੱਸ ਆਈ ਸਤਪਾਲ ਸਿੰਘ ਦੀ ਅਗਵਾਈ ਵਾਲੀ ਪਾਰਟੀ ਘਟਨਾ ਵਾਲੇ ਸਥਾਨ 'ਤੇ ਪੁੱਜੀ। ਉਸ ਦੇ ਪਰਵਾਰ ਵਾਲੇ ਸਵੇਰੇ 11.00 ਵਜੇ ਦੇ ਕਰੀਬ ਉਸ ਦੀ ਭਾਲ ਕਰਦੇ ਹੋਏ ਹਾਦਸੇ ਵਾਲੇ ਥਾਂ ਪੁੱਜੇ।

A/Z CITY DRIVER
WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work - All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952
70 Delta Park Blvd, Unit # 4, Brampton

# ਕਾਰ ਦਾ ਬੰਪਰ ਟੁੱਟਣ ਉੱਤੇ ਮੋਟਰਸਾਈਕਲ ਚਾਲਕ ਨੂੰ ਕੁੱਟ-ਕੁੱਟ ਕੇ ਮਾਰ ਸੁੱਟਿਆ

ਦੀਨਾਨਗਰ, 3 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਰੇਲਵੇ ਰੋਡ ਤੋਂ ਲੰਘਣ ਸਮੇਂ ਪੈਲੇਸ ਮਾਲਕਾਂ ਦੀ ਕਾਰ ਨਾਲ ਇੱਕ ਮੋਟਰਸਾਈਕਲ ਟਕਰਾ ਜਾਣ ਕਾਰਨ ਕਾਰ ਦਾ ਬੰਪਰ ਟੁੱਟ ਗਿਆ ਅਤੇ ਮੋਟਰਸਾਈਕਲ ਚਾਲਕ ਨੂੰ ਇਸ ਦੇ ਬਦਲੇ ਆਪਣੀ ਜਾਨ ਦੇਣੀ ਪਈ। ਮ੍ਰਿਤਕ ਅਰਜੁਨ ਕੁਮਾਰ (43) ਪੁੱਤਰ ਚਰਨ ਦਾਸ ਪਿੰਡ ਅਵਾਂਖਾ ਏਥੇ ਗੋਲਡਨ ਟਰਾਂਸਪੋਰਟ ਕੰਪਨੀ ਦੀਨਾਨਗਰ ਵਿੱਚ ਜਸਵਿੰਦਰ ਸਿੰਘ ਨਾਨੋਨੰਗਲ ਦਾ ਟਰੱਕ ਚਲਾਉਂਦਾ ਸੀ।

ਮਿਲੀ ਜਾਣਕਾਰੀ ਅਨੁਸਾਰ ਅਰਜੁਨ ਕੁਮਾਰ ਕੱਲ੍ਹ ਰਾਤ ਜਦੋਂ ਆਪਣੇ ਮੋਟਰਸਾਈਕਲ 'ਤੇ ਬਾਲਟੀ ਲੱਦ ਕੇ ਰੇਲਵੇ ਰੋਡ ਨੂੰ ਜਾ ਰਿਹਾ ਸੀ ਤਾਂ ਪਾਇਲ ਪਲਾਜ਼ਾ ਪੈਲੇਸ ਨੇੜੇ ਖੜ੍ਹੀ ਇੱਕ ਕਾਰ ਨਾਲ ਮੋਟਰਸਾਈਕਲ ਪਿੱਛੇ ਬੰਨ੍ਹੀ ਬਾਲਟੀ ਵੱਜਣ ਕਰ ਕੇ ਕਾਰ ਦਾ ਬੰਪਰ ਟੁੱਟ ਗਿਆ। ਇਸ ਤੋਂ ਗੁੱਸੇ 'ਚ ਆਏ ਪੈਲੇਸ ਮਾਲਕਾਂ ਨੇ ਉਸ ਦੀ ਕੁੱਟਮਾਰ ਕੀਤੀ ਤਾਂ ਇੱਕ ਹੋਰ ਟਰੱਕ ਡਰਾਈਵਰ ਨੇ ਉਸ ਨੂੰ ਬਚਾ ਕੇ ਘਰ ਪੁਚਾਇਆ। ਮ੍ਰਿਤਕ ਦੇ ਪਰਵਾਰ ਦੇ ਅਨੁਸਾਰ ਅਰਜੁਨ ਕੁਮਾਰ ਸਾਰੀ ਰਾਤ ਪੀੜ ਨਾਲ ਤੜਫਦਾ ਰਿਹਾ, ਪਰ ਬਿਮਾਰ ਪਤਨੀ ਤੇ ਛੋਟਾ ਬੱਚਾ ਹੋਣ ਕਾਰਨ ਉਹ ਕਿਸੇ ਡਾਕਟਰ ਕੋਲ ਨਹੀਂ ਲਿਜਾ ਸਕੇ। ਸਵੇਰੇ ਕਮਿਊਨਿਟੀ ਹੈਲਥ ਸੈਂਟਰ ਸਿੰਘੋਵਾਲ (ਦੀਨਾਨਗਰ) ਵਿੱਚ ਉਸ ਦੀ ਮੌਤ ਹੋ ਗਈ।

ਇਸ ਦੌਰਾਨ ਦੋਸ਼ੀਆਂ ਨੇ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਪੀੜਤ ਪਰਵਾਰ ਨੂੰ ਖ਼ਰੀਦਣ ਦੀ ਕੋਸ਼ਿਸ਼ ਕੀਤੀ ਤੇ ਪਹਿਲਾਂ ਇੱਕ ਪੁਲਾਈ ਫੈਕਟਰੀ ਅਤੇ ਫਿਰ ਥਾਣੇ ਅੰਦਰ ਕਰੀਬ ਛੇ ਘੰਟੇ ਰਾਜ਼ੀਨਾਮੇ ਦੀ ਖੇਡ ਚੱਲਦੀ ਰਹੀ। ਮੁਲਜ਼ਮਾਂ ਦੀ ਪਿੱਠ ਉਤੇ ਆਏ ਸ਼ਹਿਰ ਦੇ ਕੁਝ ਰਸੂਖ਼ਵਾਨ ਇੱਕ ਵੇਲੇ ਰਾਜ਼ੀਨਾਮਾ ਕਰਾਉਣ ਵਿੱਚ ਸਫਲ ਹੋ ਗਏ ਅਤੇ ਅਰਜੁਨ ਕੁਮਾਰ ਦੇ ਪਰਵਾਰ ਨੂੰ ਛੇ ਲੱਖ ਰੁਪਏ ਦੇਣੇ ਤੈਅ ਹੋਏ, ਪਰ ਇਸ ਦੌਰਾਨ ਦੋਸ਼ੀ ਪੱਖ ਦੇ ਇੱਕ ਵਿਅਕਤੀ ਦੀ ਗ਼ਲਤ ਸ਼ਬਦਾਵਲੀ ਤੋਂ ਦੋਵੇਂ ਧਿਰਾਂ ਥਾਣੇ ਅੰਦਰ ਹੱਥੋਪਾਈ ਹੋ ਗਈਆਂ। ਗੁੱਸੇ 'ਚ ਆਏ ਪੀੜਤ ਪਰਵਾਰ ਦੇ ਸਮਰਥਕ ਪਰਚਾ ਦਰਜ ਕਰਨ ਦੀ ਮੰਗ ਉਤੇ ਅੜ ਗਏ। ਇਸ ਕੇਸ ਵਿੱਚ ਪੁਲਸ ਅਧਿਕਾਰੀ ਪੀੜਤ ਪਰਵਾਰ ਨੂੰ ਇਨਸਾਫ਼ ਦਿਵਾਉਣ ਦੀ ਥਾਂ ਰਾਜ਼ੀਨਾਮੇ ਨੂੰ ਪਹਿਲ ਦਿੰਦੇ ਰਹੇ। ਐਸ ਐਸ ਓ ਦੀਨਾਨਗਰ ਬਲਦੇਵ ਰਾਜ ਸ਼ਰਮਾ ਨੇ ਰਾਜ਼ੀਨਾਮਾ ਕਰਾਉਣ 'ਚ ਪੁਲਸ ਦੀ ਭੂਮਿਕਾ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਕਿ ਪੁਲਸ ਪੀੜਤ ਪਰਵਾਰ ਦੇ ਬਿਆਨ ਲੈ ਰਹੀ ਹੈ।




Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸ਼ੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸ਼ੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7'', ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5'', ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710

UPPAL LAW
AVTAR UPPAL
Manager
IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters
OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters
AMAN UPPAL
Barrister,Solicitor
FREE Consultation
Tel: 905-500-1507
351 Parkhurst Square, # 16, Brampton,ON L6T 0C2, Fax: 905-672-7848
* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

## ਨਿਰਭਯਾ ਕੇਸ: ਹਾਈ ਕੋਰਟ ਵੱਲੋਂ ਕੇਂਦਰ ਦੀ ਅਪੀਲ ’ਤੇ ਫੈਸਲਾ ਰਾਖਵਾਂ

ਨਵੀਂ ਦਿੱਲੀ, 3 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਅੱਜ ਕੇਂਦਰ ਸਰਕਾਰ ਦੀ ਉਸ ਅਪੀਲ ’ਤੇ ਫ਼ੈਸਲਾ ਰਾਖਵਾਂ ਰੱਖ ਲਿਆ ਹੈ ਜਿਸ ’ਚ ਉਸ ਨੇ ਨਿਰਭਯਾ ਸਮੂਹਿਕ ਜਬਰ-ਜਨਾਹ ਤੇ ਕਤਲ ਕੇਸ ’ਚ ਚਾਰ ਦੋਸ਼ੀਆਂ ਦੀ ਫਾਂਸੀ ਦੀ ਸਜ਼ਾ ਦੀ ਤਾਮੀਲ ਰੋਕਣ ਨੂੰ ਚੁਣੌਤੀ ਦਿੱਤੀ ਹੈ। ਜਸਟਿਸ ਸੁਰੇਸ਼ ਕੈਤ ਨੇ ਕਿਹਾ ਕਿ ਅਦਾਲਤ ਸਾਰੀਆਂ ਧਿਰਾਂ ਵੱਲੋਂ ਦਲੀਲਾਂ ਪੂਰੀਆਂ ਕੀਤੇ ਜਾਣ ਮਗਰੋਂ ਫ਼ੈਸਲਾ ਸੁਣਾਏਗੀ। ਇਸ ਤੋਂ ਪਹਿਲਾਂ ਸਰਕਾਰ ਵੱਲੋਂ ਪੇਸ਼ ਹੋਏ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਨਿਰਭਯਾ ਮਾਮਲੇ ਦੇ ਦੋਸ਼ੀ ਆਪਣੀ ਫਾਂਸੀ ਟਾਲਣ ਲਈ ਜਾਣਬੁੱਝ ਕੇ ਅਤੇ ਬਹੁਤ ਸੋਚ ਸਮਝ ਕੇ ਕਾਨੂੰਨੀ ਮਸ਼ੀਨਰੀ ਨਾਲ ਖੇਡ ਰਹੇ ਹਨ। ਮਹਿਤਾ ਨੇ ਜਸਟਿਸ ਸੁਰੇਸ਼ ਕੈਤ ਨੂੰ ਕਿਹਾ ਕਿ ਪਵਨ ਗੁਪਤਾ ਜਾਣਬੁੱਝ ਕੇ ਸੁਧਾਰ ਵਾਲੀ ਜਾਂ ਰਹਿਮ ਦੀ ਅਪੀਲ ਦਾਇਰ ਨਹੀਂ ਕਰ ਰਿਹਾ। ਉਨ੍ਹਾਂ ਅਦਾਲਤ ਨੂੰ ਦੱਸਿਆ, ‘ਕਾਨੂੰਨੀ ਮਸ਼ੀਨਰੀ ਨਾਲ ਖੇਡਣ ਲਈ ਜਾਣਬੁਝ ਕੇ ਅਤੇ ਸੋਚੀਆਂ ਸਮਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ਤੇ ਦੇਸ਼ ਦੇ ਸਬਰ ਦੀ ਪ੍ਰੀਖਿਆ ਲਈ ਜਾ ਰਹੀ ਹੈ।’ਦੋਸ਼ੀਆਂ ਅਕਸ਼ੈ ਸਿੰਘ (31), ਵਿਨੈ ਸ਼ਰਮਾ (26) ਅਤੇ ਪਵਨ ਗੁਪਤਾ (25) ਵੱਲੋਂ ਅਦਾਲਤ ’ਚ ਵਕੀਲ ਏਪੀ ਸਿੰਘ ਜਦਕਿ ਚੌਥੇ ਦੋਸ਼ੀ ਮੁਕੇਸ਼ ਕੁਮਾਰ (32) ਵੱਲੋਂ ਸੀਨੀਅਰ ਵਕੀਲ ਰੈਬੈਕਾ ਜੌਹਨ ਅਦਾਲਤ ’ਚ ਪੇਸ਼ ਹੋਏ।ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਹੇਠਲੀ ਅਦਾਲਤ ’ਚ ਇਹ ਕੇਸ ਸ਼ੁਰੂ ਹੋਇਆ ਸੀ ਤਾਂ ਕੇਂਦਰ ਸਰਕਾਰ ਇਸ ਕੇਸ ਵਿੱਚ ਧਿਰ ਨਹੀਂ ਸੀ ਅਤੇ ਹੁਣ ਸਰਕਾਰ ਇਨ੍ਹਾਂ ਚਾਰਾਂ ’ਤੇ ਸਜ਼ਾ ’ਚ ਦੇਰੀ ਕਰਨ ਦੇ ਦੋਸ਼ ਲਗਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪੀੜਤਾ ਦੇ ਮਾਪੇ ਸਨ ਜਿਨ੍ਹਾਂ ਹੇਠਲੀ ਅਦਾਲਤ ਤੱਕ ਪਹੁੰਚ ਕਰਕੇ ਦੋਸ਼ੀਆਂ ਦੇ ਮੌਤ ਦੇ ਵਾਰੰਟ ਜਾਰੀ ਕਰਨ ਦੀ ਮੰਗ ਕੀਤੀ ਸੀ। ਸਰਕਾਰ ਨੇ ਕਦੀ ਵੀ ਇਸ ਕੇਸ ’ਚ ਅਦਾਲਤ ਤੱਕ ਪਹੁੰਚ ਨਹੀਂ ਕੀਤੀ।

# ਟਾਟਾ ਸਫ਼ਾਰੀ ਦਾ ਲਾਲਚ ਦੇ ਕੇ 52.80 ਲੱਖ ਠੱਗ ਲਏ

ਹੁਸ਼ਿਆਰਪੁਰ, 3 ਫਰਵਰੀ (ਪੋਸਟ ਬਿਊਰੋ)- ਇਸ ਸ਼ਹਿਰ ਦੇ ਇੱਕ ਵਿਅਕਤੀ ਨੂੰ ਆਨਲਾਈਨ ਸ਼ਾਪਿੰਗ ਦੇ ਚੱਕਰ 'ਚ ਨੌਸਰਬਾਜ਼ਾਂ ਨੇ 52.80 ਲੱਖ ਰੁਪਏ ਦਾ ਚੂਨਾ ਲਾ ਦਿੱਤਾ। ਠੱਗੀ ਦਾ ਸ਼ਿਕਾਰ ਦੋ ਸਾਲ ਤੱਕ ਪੁਲਸ ਕੋਲ ਇਨਸਾਫ ਲੈਣ ਦੇ ਲਈ ਚੱਕਰ ਕੱਟਦਾ ਰਿਹਾ ਅਤੇ ਦੋ ਸਾਲ ਬਾਅਦ ਤਲਵਾੜਾ ਪੁਲਸ ਨੇ ਇਸ ਠੱਗੀ ਬਾਰੇ ਅਲੋਕ ਮੋਹੰਤੀ, ਸੰਜੀਵ ਗੁਪਤਾ, ਕ੍ਰਿਸ਼ਣਾ ਆਰ ਮੂਰਤੀ, ਕੇਦਾਰ ਗੁਪਤਾ, ਭਰਤ ਰਾਏ, ਸੁਦਾਮ ਹੁਸੈਨ (ਨੇੜੇ ਟੈਲਕੋ ਕਾਲੋਨੀ ਹੰਸ ਸਟੋਰ ਰੋਡ, ਜਮਸ਼ੇਦਪੁਰ ਝਾਰਖੰਡ ਦੇ ਖ਼ਿਲਾਫ਼ ਕੇਸ ਦਰਜ ਕੀਤਾ ਹੈ। ਦੋਸ਼ੀਆਂ ਨੇ ਪੀੜਤ ਨੂੰ ਇਸ ਤਰ੍ਹਾਂ ਗੱਲਾਂ ਵਿੱਚ ਫਸਾਇਆ ਕਿ ਉਸ ਨੂੰ ਪਤਾ ਹੀ ਨਹੀਂ ਲੱਗਾ ਕਿ ਉਹ ਠੱਗੀ ਦਾ ਸ਼ਿਕਾਰ ਹੋ ਗਿਆ ਹੈ।

ਇਨਸਾਫ ਦੀ ਆਸ ਵਿੱਚ ਥਾਣਿਆਂ ਦੇ ਚੱਕਰ ਲਾਉਣ ਪਿੱਛੋਂ ਹਾਰ ਕੇ ਉਹ ਚੰਡੀਗੜ੍ਹ ਡੀ ਆਈ ਜੀ ਦਫਤਰ ਪੇਸ਼ ਹੋ ਗਿਆ ਤੇ ਸਾਰੀ ਗੱਲ ਦੱਸੀ। ਫਿਰ ਦੋ ਸਾਲ ਬਾਅਦ ਕੇਸ ਦਰਜ ਹੋਇਆ। ਪੀੜਤ ਨੇ ਦੱਸਿਆ ਕਿ ਉਸ ਨੇ ਈ ਓ ਵਿੰਗ (ਆਰਥਕਿ ਅਪਰਾਧ ਸ਼ਾਖਾ) ਹੁਸ਼ਿਆਰਪੁਰ 'ਚ ਦੋ ਸਾਲ ਪਹਿਲਾਂ ਸ਼ਿਕਾਇਤ ਦਿੱਤੀ



ਸੀ ਪਰ ਜਦੋਂ ਕੇਸ ਦਰਜ ਹੋਣ ਨੇੜੇ ਪੁੱਜਦਾ ਸੀ ਤਾਂ ਜਾਂਚ ਅਧਿਕਾਰੀ ਦੀ ਤਰੱਕੀ ਹੋ ਜਾਂਦੀ ਜਾਂ ਉਸ ਦਾ ਤਬਾਦਲਾ ਹੋ ਜਾਂਦਾ। ਉਸ ਤੋਂ ਬਾਅਦ ਨਵਾਂ ਅਧਿਕਾਰੀ ਆ ਜਾਂਦਾ ਤੇ ਜਾਂਚ ਦੁਬਾਰ ਤੋਂ ਸ਼ੁਰੂ ਹੋ ਜਾਂਦੀ, ਇੰਜ ਕਰਦੇ-ਕਰਦੇ ਦੋ ਸਾਲ ਬੀਤ ਗਏ। ਹੁਸ਼ਿਆਰਪੁਰ ਦੇ ਇਸ ਪੀੜਤ ਨੇ ਦੱਸਿਆ ਕਿ ਉਸ ਨੇ 17 ਜੂਨ 2017 ਨੂੰ ਆਨਲਾਈਨ ਸ਼ਾਪਿੰਗ ਕਰਕੇ ਕੁਝ ਸਾਮਾਨ ਮੰਗਵਾਇਆ ਸੀ। ਪੈਮੇਂਟ ਵੀ ਆਨਲਾਈਨ ਕਰ ਦਿੱਤੀ, ਜਿਸ ਪਿੱਛੋਂ ਉਸ ਨੂੰ ਫੋਨ ਆਇਆ ਕਿ ਉਹ ਉਸ ਕੰਪਨੀ 'ਚ ਕੰਮ ਕਰਦੇ ਹਨ ਜਿਸ ਕੰਪਨੀ ਤੋਂ ਉਨ੍ਹਾਂ ਨੇ ਸਾਮਾਨ ਮੰਗਵਾਇਆ ਸੀ। ਉਨ੍ਹਾਂ ਨੇ ਉਸ ਦਾ ਪਤਾ ਪੁੱਛ ਕੇ ਕਿਹਾ ਕਿ ਜਦੋਂ ਉਨ੍ਹਾਂ ਨੇ ਕੰਪਨੀ ਤੋਂ ਸਾਮਾਨ ਲਿਆ ਸੀ, ਉਸ ਵੇਲੇ ਆਫਰ ਚੱਲ ਰਹੀ ਸੀ, ਜਿਸ 'ਚ ਉਨ੍ਹਾਂ ਦਾ ਨਾ ਲੱਕੀ ਡਰਾਅ 'ਚ ਆਇਆ ਅਤੇ ਉਨ੍ਹਾਂ ਦੀ ਟਾਟਾ ਸਫ਼ਾਰੀ ਨਿਕਲੀ ਹੈ, ਜੋ 25 ਲੱਖ ਰੁਪਏ ਦੀ ਹੈ। ਪਹਿਲਾਂ ਉਸ ਵਿਸ਼ਵਾਸ ਨਹੀਂ ਹੋਇਆ ਤੇ ਉਸ ਨੇ ਫੋਨ ਕੱਟ ਦਿੱਤਾ। ਫਿਰ ਫੋਨ ਆਇਆ ਤਾਂ ਉਨ੍ਹਾਂ ਨੇ ਉਹ ਗੱਲਾਂ ਕਹੀਆਂ, ਜਿਵੇਂ ਪਹਿਲਾਂ ਤੋਂ ਜਾਣਦੇ ਹੋਣ। ਉਨ੍ਹਾਂ ਕਿਹਾ ਕਿ ਤੁਹਾਡੀ ਗੱਡੀ ਦੀ ਡਲਿਵਰੀ ਕਿੱਥੇ ਕਰਨੀ ਹੈ। ਪੀੜਤ ਨੇ ਗੱਡੀ ਲੈਣ ਤੋਂ ਇਨਕਾਰ ਕਰ ਦਿੱਤਾ। ਉਸ 'ਤੇ ਨੌਸਰਬਾਜ਼ ਨੇ ਕਿਹਾ ਕਿ ਜੇ ਉਹ ਗੱਡੀ ਨਹੀਂ ਲੈਣਾ ਚਾਹੁੰਦੇ ਤਾਂ ਉਹ ਨਕਦ ਰੁਪਏ ਲੈ ਸਕਦੇ ਹਨ। ਇਸੇ ਚੱਕਰ ਵਿੱਚ ਉਹ ਫਸ ਗਿਆ। ਪੀੜਤ ਨੇ ਦੱਸਿਆ ਕਿ ਉਨ੍ਹਾਂ ਨੇ ਪੈਸੇ ਟਰਾਂਸਫਰ ਕਰਨ ਲਈ ਪ੍ਰੋਸੈਸ ਸ਼ੁਰੂ ਕਰਨ ਲਈ ਇੱਕ ਖਾਤਾ ਨੰਬਰ ਦੇ ਕੇ ਕਿਹਾ ਕਿ ਇਹ ਖਾਤਾ ਕੰਪਨੀ ਦਾ ਹੈ, ਇਸ ਵਿੱਚ ਪ੍ਰੋਸੈਸਿੰਗ ਫੀਸ ਜਮ੍ਹਾਂ ਕਰਵਾ ਦਿਓ, ਜਿਸ ਪਿੱਛੋਂ ਤੁਹਾਡੀ ਰਕਮ ਤੁਹਾਡੇ ਖਾਤੇ 'ਚ ਪਾ ਦਿੱਤੀ ਜਾਵੇਗੀ। ਪੀੜਤ ਨੇ ਵੱਖ-ਵੱਖ ਖਾਤਿਆਂ 'ਚ ਇੱਕ ਤੋਂ ਬਾਅਦ ਇੱਕ ਕਰਕੇ 52 ਲੱਖ ਰੁਪਏ ਪਾ ਦਿੱਤੇ, ਪਰ ਨਾ ਉਸ ਨੂੰ ਕੈਸ਼ ਵਾਪਸ ਮਿਲਿਆ ਅਤੇ ਨਾ ਹੀ ਗੱਡੀ ਅਤੇ ਉਹ ਐਵੇਂ ਹੀ ਠੱਗਿਆ ਗਿਆ ਸੀ।

## ਪਿਸਤੌਲ ਦੀ ਨੋਕ ਉੱਤੇ ਬੈਂਕ ਮੁਲਾਜ਼ਮ ਕਾਰ ਸਣੇ ਅਗਵਾ ਕੀਤਾ, ਛਾਲ ਮਾਰ ਕੇ ਜਾਨ ਬਚਾਈ



ਜੰਡਿਆਲਾ ਗੁਰੂ, 3 ਫਰਵਰੀ (ਪੋਸਟ ਬਿਊਰੋ)- ਇਸ ਇਲਾਕੇ ਵਿੱਚ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਵਿੱਚ ਦਿਨੋ ਦਿਨ ਵਾਧਾ ਹੁੰਦਾ ਜਾਂਦਾ ਹੈ। ਕੱਲ੍ਹ ਰਾਤ ਐਚ ਡੀ ਐਫ ਸੀ ਬੈਂਕ ਦੇ ਮੁਲਾਜ਼ਮ ਤੇ ਏਜੰਟ ਰਾਮਪ੍ਰਸ਼ਾਦ ਸ਼ਰਮਾ ਦਾ ਬੇਟਾ ਕਰਨਰਾਜ ਸ਼ਰਮਾ ਇੱਕ ਵਿਆਹ ਵੇਖ ਕੇ ਆਪਣੇ ਘਰ ਜੰਡਿਆਲਾ ਗੁਰੂ ਆ ਰਿਹਾ ਸੀ। ਜਦੋਂ ਉਹ ਟੋਲ ਪਲਾਜ਼ੇ ਦੇ ਨੇੜੇ ਪਹੁੰਚਿਆ ਤਾ ਵਰਨਾ ਕਾਰ ਉੱਤੇ ਆਏ ਚਾਰ ਲੁਟੇਰਿਆਂ ਨੇ ਪਿਸਤੌਲ ਦੀ ਨੋਕ 'ਤੇ ਉਸ ਦੀ ਸਵਿਫਟ ਕਾਰ, ਏ ਟੀ ਐਮ ਕਾਰਡ, ਪਰਸ, ਲੈਪਟਾਪ ਅਤੇ ਨਕਦੀ ਖੋਹੇ ਅਤੇ ਫਰਾਰ ਹੋ ਗਏ। ਕਰਨਰਾਜ ਸ਼ਰਮਾ ਨੇ ਦੱਸਿਆ ਕਿ ਲੁਟੇਰਿਆਂ ਨੇ ਉਸ ਦੇ ਸਿਰ ਵਿੱਚ ਪਿਸਤੌਲ ਦੇ ਬੱਟ ਮਾਰੇ, ਜਿਸ ਨਾਲ ਉਹ ਜ਼ਖਮੀ ਹੋ ਗਿਆ। ਫਿਰ ਉਨ੍ਹਾਂ ਨੇ ਉਸ ਦਾ ਏ ਟੀ ਐਮ ਕੋਡ ਪੁੱਛ ਕੇ ਉਸ ਨੂੰ ਜ਼ਬਰਦਸਤੀ ਏ ਟੀ ਐਮ ਵਿੱਚ ਜਾਣ ਲਈ ਕਿਹਾ, ਪਰ ਉਸ ਨੇ ਹੁਸ਼ਿਆਰੀ ਨਾਲ ਚੱਲਦੀ ਕਾਰ ਵਿੱਚੋਂ ਛਾਲ ਮਾਰ ਕੇ ਜਾਨ ਬਚਾਈ। ਜੰਡਿਆਲਾ ਪੁਲਸ ਨੇ ਦੱਸਿਆ ਕਿ ਲੁਟੇਰਿਆਂ ਦੀ ਭਾਲ ਜਾਰੀ ਹੈ। ਜੰਡਿਆਲਾ ਗੁਰੂ ਦੇ ਹਲਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਲੁੱਟ ਦਾ ਸ਼ਿਕਾਰ ਤੇ ਜ਼ਖਮੀ ਹੋਏ ਕਰਨਰਾਜ ਸ਼ਰਮਾ ਦਾ ਹਾਲ ਜਾਨਣ ਲਈ ਹਸਪਤਾਲ ਪਹੁੰਚੇ ਤੇ ਪਰਵਾਰ ਨੂੰ ਯਕੀਨ ਦਿਵਾਇਆ ਕਿ ਬਹੁਤ ਜਲਦੀ ਇਨ੍ਹਾਂ ਲੁਟੇਰਿਆਂ ਨੂੰ ਸੀਖਾਂ ਪਿੱਛੇ ਕਰਵਾਉਣਗੇ।

## ਮਿਸ ਕਾਲ ਮੁਹਿੰਮ ਦੇ ਨਾਲ ਪੰਜਾਬ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਫਿਰ ਚਰਚਾ ਵਿੱਚ

ਜਲੰਧਰ, 3 ਫਰਵਰੀ (ਪੋਸਟ ਬਿਊਰੋ)- ਪੰਜਾਬ ਭਾਜਪਾ ਦੇ ਆਗੂ ਆਪਣੇ ਭਾਈਵਾਲ ਰਾਜਸੀ ਅਕਾਲੀ ਦਲ ਤੋਂ ਵੱਖ ਹੋ ਕੇ ਅਗਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਗਲੀਆਂ ਚੋਣਾਂ ਲੜਨ ਦੇ ਦਾਅਵੇ ਕਰੀ ਜਾਂਦੇ ਹਨ, ਪਰ ਪੰਜਾਬ ਭਾਜਪਾ ਦੀ 30 ਲੱਖ ਮੈਂਬਰਸ਼ਿਪ ਵਿੱਚੋਂ ਨਾਗਰਿਕਤਾ ਸੋਧ ਕਾਨੂੰਨ ਦੇ ਹੱਕ ਵਿੱਚ ਸਿਰਫ਼ ਇੱਕ ਲੱਕ ਨੇ ਸਮਰਥਨ ਵਿੱਚ ਮਿਸ ਕਾਲ ਮਾਰੀ ਹੈ। ਇਸ ਦੀ ਚਰਚਾ ਛਿੜਨ ਨਾਲ ਪਾਰਟੀ ਮੈਂਬਰਸ਼ਿਪ 'ਤੇ ਸਵਾਲੀਆ ਨਿਸ਼ਾਨ ਲੱਗਣੇ ਸ਼ੁਰੂ ਹੋ ਗਏ ਹਨ।

ਵਰਨਣ ਯੋਗ ਹੈ ਕਿ ਭਾਜਪਾ ਨੇ ਸਾਰੇ ਦੇਸ਼ ਵਿੱਚ ਇਸ ਕਾਨੂੰਨ ਦੇ ਹੱਕ ਵਿੱਚ ਪਾਰਟੀ ਵਰਕਰਾਂ ਨੂੰ 88662-88662 ਨੰਬਰ ਉੱਤੇ ਮਿੱਸ ਕਾਲ ਮਾਰਨ ਦੇ ਲਈ ਸੱਦਾ ਦਿੱਤਾ ਸੀ। ਪੰਜਾਬ ਭਾਜਪਾ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਅੰਮ੍ਰਿਤਸਰ ਵਿੱਚ ਇਸ ਮੁਹਿੰਮ ਲਈ ਪੰਜਾਬ ਦੇ ਇੱਕ ਲੱਖ ਵਰਕਰਾਂ ਵੱਲੋਂ ਮਿਲ ਕਾਲ ਦੇਣ ਦੀ ਗੱਲ ਕਹੀ ਸੀ। ਉਨ੍ਹਾਂ ਦੀ ਇਸ ਟਿੱਪਣੀ ਦੀ ਕਾਫ਼ੀ ਚਰਚਾ ਇਸ ਕਰਕੇ ਹੋਈ ਹੈ, ਕਿਉਂਕਿ ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਵਿੱਚ ਸ਼ਵੇਤ ਮਲਿਕ ਦੇ ਸਮੇਂ ਵਿੱਚ ਪਾਰਟੀ ਮੈਂਬਰਸ਼ਿਪ 30 ਲੱਖ ਦੇ ਕਰੀਬ ਹੋਣ ਦੇ ਦਾਅਵੇ ਕੀਤੇ ਗਏ ਸਨ। ਜੇ 30 ਲੱਖ ਦੇ ਕਰੀਬ ਪਾਰਟੀ ਮੈਂਬਰਸ਼ਿਪ ਹੈ ਤਾਂ ਕਿ ਅਜੇ ਤੱਕ ਇੱਕ ਲੱਖ ਦੇ ਕਰੀਬ ਪਾਰਟੀ ਵਰਕਰਾਂ ਨੇ ਨਵੇਂ ਕਾਨੂੰਨ ਦੇ ਹੱਕ ਵਿੱਚ ਮਿੱਸ ਕਾਲ ਮਾਰੀ ਹੈ, ਜਦ ਕਿ ਕਾਨੂੰਨ ਦੇ ਹੱਕ ਵਿੱਚ ਕਾਲ ਮਾਰਨ ਦੀ ਗਿਣਤੀ ਤੀਹ ਵਿੱਚੋਂ ਪੰਝੀ ਲੱਖ ਤਾਂ ਹੋਣੀ ਹੀ ਚਾਹੀਦੀ ਸੀ।

ਪੰਜਾਬ ਭਾਜਪਾ ਦੇ ਪ੍ਰਧਾਨ ਦੀ ਇਸ ਟਿੱਪਣੀ ਨੇ ਪਾਰਟੀ ਦੇ ਪਿਛਲੇ ਪ੍ਰਧਾਨ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲੀਆ ਚਿੰਨ੍ਹ ਲਾ ਦਿੱਤੇ ਹਨ। ਭਾਜਪਾ ਦੀ ਪੰਜਾਬ ਵਿੱਚ ਮੈਂਬਰਸ਼ਿਪ ਸਾਲ 2015 ਵਿੱਚ ਵੀ ਚਰਚਿਤ ਰਹੀ ਸੀ, ਜਦੋਂ ਰਿਕਾਰਡ ਗਿਣਤੀ ਵਿੱਚ ਮੈਂਬਰ ਬਣਾਏ ਗਏ ਸਨ। ਓਦੋਂ ਇਹ ਚਰਚਾ ਹੋਈ ਸੀ ਕਿ 9 ਲੱਖ ਤੋਂ ਵੱਧ ਮੈਂਬਰਾਂ ਦਾ ਪਤਾ ਨਹੀਂ ਲੱਗਾ, ਕਿਉਂਕਿ ਜਿਨ੍ਹਾਂ ਨੇ ਮੈਂਬਰ ਬਣਨ ਲਈ ਮਿਸ ਕਾਲ ਮਾਰੀ ਸੀ, ਬਾਅਦ ਵਿੱਚ ਗ਼ਾਇਬ ਹੋ ਗਏ ਸਨ। ਓਦੋਂ ਦੇ ਮੈਂਬਰਸ਼ਿਪ ਇੰਚਾਰਜ ਤੇ ਜਨਰਲ ਸਕੱਤਰ ਦਿਆਲ ਸਿੰਘ ਸੋਢੀ ਦੱਸਦੇ ਹਨ ਕਿ ਕੋਈ ਫ਼ਰਜ਼ੀ ਮੈਂਬਰਸ਼ਿਪ ਨਹੀਂ ਹੋਈ ਸੀ ਸਗੋਂ ਇੱਕ ਮੋਬਾਈਲ ਕੰਪਨੀ ਦੇ ਫ਼ੋਨ ਬੰਦ ਹੋਣ ਨਾਲ ਰੇੜਕਾ ਪਿਆ ਸੀ ਪਰ ਬਾਅਦ ਵਿੱਚ ਉਸ ਗਿਣਤੀ ਨੂੰ ਠੀਕ ਕਰ ਲਿਆ ਗਿਆ ਸੀ।

CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
- Create and establish finance operational methods /policies or strategies by evaluating trends to increase the growth of business.
- Determine the company's mission and strategic direction as conveyed through policies and concrete objectives which are met through the effective management of human, financial and material resources
- Authorize and organize the establishment of major departments and associated senior staff positions
- Plan, Monitor and review job contributions and compensation strategies.
- Establish productivity, quality and customer service strategies.
- Conduct operation strategies to improve, reduce cost and system enhancement.
- Monitor and Manage Support services for accounts and finance. Facilitate coordination and communication between support functions.
- Represent the organization, or delegate representatives to act in negotiations or other official functions.

Salary: $57 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 416-726-9409 647-208-7011

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
CLASSIFIEDS
Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
• 1 yr Home Warranty • We Help to get mortgage
Free valuation & Lowest Commission • Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity B. 905.913.8500
HIRA RANDHWA Broker 416.319.0551
BHUPENDRA DHILLON Sales Representative 647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE, RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
• 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ • Biweekly payment
• Homely Environment • ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services: • Complete Basement • Tiles • Bathrooms • Plumbing • Laminate • Hardwood Floor • Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
• Emergency First Aid & CPR Level's A.B.C
• Standard First Aid & CPR Level's A.B.C.HCP
• Stay at Home Course
• Baby Sitting Course
• Little Rescuers
H.O: 1332 Khalsa Dr.,Unit 3,2nd Floor,Mississauga, L5S1W5 (Near Dixie Gurdwara)
647-710-7760
Email: info@gf1security.com
1085 Bellamy Rd (N) Unit #210 Scarbrough (Toronto)
647-929-7736
Web: www.gf1security.com
REVIVE EMS CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
○ Free Evaluation of your Property
○ Special Packages for First Time Buyer
○ Arrangement of Low Mortgage rate Lawyer
○ Arrangement of Home Inspection
Avtar Singh Tiwana Sales Representative
Tel: 905.793.5777 416.802.5866
31 Melanie Dr. Unit #4 Brampton, ON L6T 5H8
FOR LEASE Lease: $2,599 Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।
FOR SALE $120,000 VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।
SOLD Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT INSURED & BONDED EVERY SERVICE WITH WARRANTY SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
For all your Real Estate Need Call
416.262.2600
Email: karampunian@gmail.com
KARAM SINGH PUNIAN Sales Representative
HomeLife Maple Leaf Realty Ltd. 80 Eastern Ave, Brampton, ON Tel: 905.456.9090

# ਫਿਲਮੀ ਦੁਨੀਆ

## ਦਿਸ਼ਾ ਨੇ ਕਿਰਦਾਰ ਦੀ ਵਜ੍ਹਾ ਕਰ ਕੇ ਸਾਈਨ ਕੀਤੀ 'ਰਾਧੇ'



'ਐੱਮ ਐੱਸ ਧੋਨੀ: ਦ ਅਨਟੋਲਡ ਸਟੋਰੀ' ਨਾਲ ਹਿੰਦੀ ਸਿਨੇਮਾ ਵਿੱਚ ਕਦਮ ਰੱਖਣ ਵਾਲੀ ਦਿਸ਼ਾ ਪਟਾਨੀ ਵੱਡੇ ਬਜਟ ਦੀਆਂ ਫਿਲਮਾਂ ਦਾ ਹਿੱਸਾ ਲਗਾਤਾਰ ਬਣ ਰਹੀ ਹੈ। ਪਿਛਲੇ ਸਾਲ 'ਭਾਰਤ' ਵਿੱਚ ਉਹ ਸਲਮਾਨ ਖਾਨ ਦੇ ਆਪੋਜ਼ਿਟ ਨਜ਼ਰ ਆਈ ਸੀ। ਉਸ ਵਿੱਚ ਉਸ ਦੀ ਮਹਿਮਾਨ ਭੂਮਿਕਾ ਸੀ। ਇਸ ਵਾਰੀ ਪ੍ਰਭੂ ਦੇਵਾ ਦੇ ਨਿਰਦੇਸ਼ਨ ਵਾਲੀ 'ਰਾਧੇ : ਯੋਰ ਮੋਸਟ ਵਾਂਟਿਡ ਭਾਈ' ਵਿੱਚ ਇੱਕ ਵਾਰ ਫਿਰ ਇਹ ਜੋੜੀ ਨਜ਼ਰ ਆਏਗੀ। ਦਿਸ਼ਾ ਦਾ ਕਹਿਣਾ ਹੈ ਕਿ ਸਲਮਾਨ ਨੇ ਉਸ ਨੂੰ ਇਹ ਫਿਲਮ ਆਫਰ ਕੀਤੀ ਸੀ। ਉਸ ਨੇ ਇਹ ਫਿਲਮ ਇਸ ਲਈ ਕਰਨ ਦਾ ਫੈਸਲਾ ਕੀਤਾ ਕਿ ਉਸ ਨੂੰ ਪ੍ਰਭੂਦੇਵਾ ਨਾਲ ਪਹਿਲੀ ਵਾਰ ਕੰਮ ਕਰਨ ਦਾ ਮੌਕਾ ਮਿਲ ਰਿਹਾ ਸੀ ਤੇ ਕਿਰਦਾਰ ਵੀ ਉਨ੍ਹਾਂ ਦਾ ਚੰਗਾ ਸੀ।

ਦਿਸ਼ਾ ਦੇ ਮੁਤਾਬਕ 'ਰਾਧੇ' ਵਿੱਚ ਉਨ੍ਹਾਂ ਦੇ ਨਾਲ ਰਣਦੀਪ ਹੁੱਡਾ ਅਤੇ ਜੈਕੀ ਸ਼ਰਾਫ ਪ੍ਰਮੁੱਖ ਭੂਮਿਕਾ ਵਿੱਚ ਹੋਣਗੇ। ਇਹ ਫਿਲਮ ਇਸ ਸਾਲ ਈਦ 'ਤੇ ਰਿਲੀਜ਼ ਹੋਵੇਗੀ, ਜਿਸ ਵਿੱਚ ਸਲਮਾਨ ਪੁਲਸ ਅਧਿਕਾਰੀ ਦੀ ਭੂਮਿਕਾ ਵਿੱਚ ਨਜ਼ਰ ਆਉਣਗੇ। ਸੱਤ ਫਰਵਰੀ ਦੀ ਰਿਲੀਜ਼ ਹੋਣ ਵਾਲੀ ਮੋਹਿਤ ਸੂਰੀ ਦੇ ਨਿਰਦੇਸ਼ਨ ਵਾਲੀ 'ਮਲੰਗ' ਵਿੱਚ ਉਹ ਆਦਿੱਤਯ ਰਾਏ ਕਪੂਰ ਦੇ ਆਪੋਜ਼ਿਟ ਨਜ਼ਰ ਆਏਗੀ।

## ਅਗਲੇ ਸਾਲ ਰਿਲੀਜ਼ ਹੋਵੇਗੀ ਤਾਪਸੀ ਦੀ 'ਸ਼ਾਬਾਸ਼ ਮਿੱਠੂ'



ਤਾਪਸੀ ਪੰਨੂ ਇਨ੍ਹੀਂ ਦਿਨੀਂ ਖੇਡਾਂ ਵਿੱਚ ਵੱਧ ਦਿਲਚਸਪੀ ਲੈ ਰਹੀ ਹੈ ਅਤੇ ਉਹ ਬੈਡਮਿੰਟਨ ਪ੍ਰੀਮੀਅਰ ਲੀਗ ਵਿੱਚ ਪੁਣੇ ਸੈਵੇਨ ਅਸੈਸ ਟੀਮ ਦੀ ਮਾਲਕ ਹੈ। ਫਿਲਮ 'ਸੂਰਮਾ' ਵਿੱਚ ਹਾਕੀ ਖਿਡਾਰੀ ਤੇ 'ਸਾਂਢ ਕੀ ਆਂਖ' ਵਿੱਚ ਨਿਸ਼ਾਨੇਬਾਜ਼ ਦੀ ਭੂਮਿਕਾ ਨਿਭਾ ਚੁੱਕੀ ਹੈ। ਇਸ ਵਾਰੀ ਤਾਪਸੀ ਕ੍ਰਿਕਟ ਦੇ ਮੈਦਾਨ 'ਤੇ ਚੌਕੇ ਛੱਕੇ ਲਗਾਉਂਦੀ ਨਜ਼ਰ ਆਏਗੀ। ਤਾਪਸੀ ਪੰਨੂ ਸਾਬਕਾ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਮਿਤਾਲੀ ਰਾਜ ਦੀ ਬਾਇਓਪਿਕ 'ਸ਼ਾਬਾਸ਼ ਮਿੱਠੂ' ਕਰ ਰਹੀ ਹੈ।

ਸੋਸ਼ਲ ਮੀਡੀਆ 'ਤੇ ਇਸ ਫਿਲਮ ਦੀ ਪਹਿਲੀ ਝਲਕ ਜਾਰੀ ਹੋ ਗਈ ਹੈ। ਇਹ ਅਗਲੇ ਸਾਲ ਪੰਜ ਫਰਵਰੀ ਨੂੰ ਰਿਲੀਜ਼ ਹੋਵਗੀ। ਇਸ ਦਾ ਪੋਸਟਰ ਸਾਂਝਾ ਕਰਦੇ ਹੋਏ ਤਾਪਸੀ ਨੇ ਲਿਖਿਆ, ''ਮੇਰੇ ਤੋਂ ਪੁੱਛਿਆ ਜਾਂਦਾ ਹੈ ਕਿ ਮੇਰਾ ਪਸੰਦੀਦਾ ਪੁਰਸ਼ ਕ੍ਰਿਕਟਰ ਕੌਣ ਹੈ? ਤੁਹਾਨੂੰ ਉਨ੍ਹਾਂ ਤੋਂ ਪੁੱਛਣਾ ਚਾਹੀਦਾ ਹੈ ਕਿ ਤੁਹਾਡੀ ਪਸੰਦੀਦਾ ਮਹਿਲਾ ਕ੍ਰਿਕਟਰ ਕੌਣ ਹੈ। ਮਿਤਾਲੀ ਰਾਜ, ਤੁਸੀਂ ਗੇਮ ਚੇਂਜਰ ਹੋ।''

## ਡਰੀਮ ਗਰਲ ਨੂੰ ਪਸੰਦ ਨਹੀਂ ਆਪਣੀ ਬਾਇਓਪਿਕ


ਪਹਿਲੀ ਫਿਲਮ 'ਸਪਨੋਂ ਕਾ ਸੌਦਾਗਰ' (1968) ਦੇ ਨਾਲ ਹੇਮਾ ਮਾਲਿਨੀ ਨੇ ਦਰਸ਼ਕਾਂ ਦੇ ਦਿਲਾਂ ਵਿੱਚ ਖਾਸ ਜਗ੍ਹਾ ਬਣਾ ਲਈ ਸੀ। ਵਿਜੇ ਆਨੰਦ ਦੇ ਨਿਰਦੇਸ਼ਨ ਵਾਲੀ ਫਿਲਮ 'ਜਾਨੀ ਮੇਰਾ ਨਾਮ' (1970) ਦੇ ਬਾਅਦ ਹੇਮਾ ਨੂੰ ਕਦੇ ਪਿੱਛੇ ਮੁੜ ਕੇ ਦੇਖਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ। ਕਰੀਅਰ ਦੀ ਗੋਲਡਨ ਜੁਬਲੀ ਪੂਰੀ ਕਰ ਚੁੱਕੀ ਹੇਮਾ ਨੇ ਇੱਕ ਤੋਂ ਵੱਧ ਕੇ ਇੱਕ ਹਿੱਟ ਫਿਲਮਾਂ ਵਿੱਚ ਕੰਮ ਕੀਤਾ। ਉਨ੍ਹਾਂ ਨੇ 150 ਤੋਂ ਵੱਧ ਫਿਲਮਾਂ ਵਿੱਚ ਕੰਮ ਕਰਦੇ ਹੋਏ ਲਗਭਗ ਦੋ ਦਹਾਕੇ ਤੱਕ ਬਾਲੀਵੁੱਡ 'ਤੇ ਨੰਬਰ ਵਨ ਦੀ ਹੈਸੀਅਤ ਨਾਲ ਰਾਜ ਕੀਤਾ ਅਤੇ ਅੱਜ ਵੀ ਉਹ ਬਾਲੀਵੁੱਡ ਵਿੱਚ ਓਨੀ ਹੀ ਸਰਗਰਮ ਤੇ ਲੋਕਪ੍ਰਿਯ ਹੈ। ਉਨ੍ਹਾਂ ਦੇ ਕੋਲ ਹਰ ਖਾਸ-ਆਮ ਨੂੰ ਪਾਗਲ ਕਰ ਦੇਣ ਵਾਲੀ ਖੂਬਸੂਰਤੀ ਸੀ। ਨ੍ਰਿਤ ਵਿੱਚ ਉਨ੍ਹਾਂ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਸੀ। ਇਨ੍ਹਾਂ ਸਭ ਖੂਬੀਆਂ ਦੇ ਕਾਰਨ ਉਨ੍ਹਾਂ ਨੂੰ ਬਾਲੀਵੁੱਡ ਦੀ ਡਰੀਮ ਗਰਲ ਕਿਹਾ ਗਿਆ। ਜੇ ਕਮਰਸ਼ੀਅਲ ਫਿਲਮਾਂ ਵਿੱਚ ਹੇਮਾ ਮਾਲਿਨੀ ਨੇ ਬੇਹੱਦ ਖੂਬਸੂਰਤ, ਗਲੈਮਰ ਤੇ ਦਿਲਕਸ਼ ਲੜਕੀ ਵਾਲੇ ਕਿਰਦਾਰ ਨਿਭਾਏ ਤਾਂ ਆਰਟ ਫਿਲਮਾਂ ਵਿੱਚ ਉਹ ਆਪਣੇ ਟੇਲੈਂਟ ਨਾਲ ਦਰਸ਼ਕਾਂ ਨੂੰ ਪ੍ਰਭਾਵਤ ਕਰਦੀ ਰਹੀ ਸੀ। ਸਭ ਤੋਂ ਵੱਧ ਹਿੱਟ ਫਿਲਮਾਂ ਦੇਣ ਦਾ ਰਿਕਾਰਡ ਉਨ੍ਹਾਂ ਦੇ ਨਾਂਅ ਦਰਜ ਹੈ।



ਸਾਲ 2000 ਵਿੱਚ ਉਨ੍ਹਾਂ ਨੂੰ ਫਿਲਮਫੇਅਰ ਨੇ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਨਵਾਜਿਆ ਸੀ। ਉਸੇ ਸਾਲ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਪਦਮ ਸ੍ਰੀ ਨਾਲ ਸਨਮਾਨਿਤ ਕੀਤਾ। ਧਰਮਿੰਦਰ ਦੇ ਆਪੋਜ਼ਿਟ ਹੇਮਾ ਨੇ ਰਮੇਸ਼ ਸਿੱਪੀ ਦੀ 'ਸ਼ੋਅਲੇ' (1975) ਵਿੱਚ ਬਸੰਤੀ ਦਾ ਯਾਦਗਾਰ ਕਿਰਦਾਰ ਨਿਭਾਇਆ। ਇਸ ਦੇ ਪਹਿਲਾਂ ਉਹ ਰਮੇਸ਼ ਸਿੱਪੀ ਦੇ ਨਾਲ 'ਅੰਦਾਜ਼' (1971) ਅਤੇ 'ਸੀਤਾ ਔਰ ਗੀਤਾ' (1972) ਵਰਗੀਆਂ ਫਿਲਮਾਂ ਕਰ ਚੁੱਕੀ ਸੀ। ਉਹ ਰਮੇਸ਼ ਸਿੱਪੀ ਦੀਆਂ ਮਨਪਸੰਦ ਅਭਿਨੇਤਰੀਆਂ ਵਿੱਚੋਂ ਇੱਕ ਰਹੀ ਹੈ। ਪਿੱਛੇ ਜਿਹੇ ਉਹ ਚੌਥੀ ਵਾਰ ਰਮੇਸ਼ ਸਿੱਪੀ ਦੇ ਨਿਰਦੇਸ਼ਨ ਵਾਲੀ 'ਸ਼ਿਮਲਾ ਮਿਰਚ' ਵਿੱਚ ਰਕੁਲ ਪ੍ਰੀਤ ਸਿੰਘ ਦੀ ਅਜਿਹੀ ਮਾਂ ਦੇ ਕਿਰਦਾਰ ਵਿੱਚ ਨਜ਼ਰ ਆਈ, ਜੋ ਆਪਣੀ ਬੇਟੀ ਦੇ ਲਵਰ ਦੇ ਨਾਲ ਇਸ਼ਕ ਲੜਾਉਂਦੀ ਹੈ, ਪਰ ਬਦਕਿਸਮਤੀ ਨਾਲ ਫਿਲਮ ਬਾਕਸ ਆਫਿਸ 'ਤੇ ਫਲਾਪ ਰਹੀ।

ਚਰਚਾ ਹੈ ਕਿ ਫਰਾਹ ਖਾਨ ਤੇ ਰੋਹਿਤ ਸ਼ੈਟੀ ਦੀ ਫਿਲਮ 'ਸੱਤੇ ਪੇ ਸੱਤਾ' ਦੇ ਰੀਮੇਕ ਵਿੱਚ ਅਮਿਤਾਭ ਬੱਚਨ ਨਾਲ ਹੇਮਾ ਮਾਲਿਨੀ ਇੱਕ ਕੈਮੀਓ ਵਿੱਚ ਨਜ਼ਰ ਆ ਸਕਦੀ ਹੈ। ਹੇਮਾ 'ਤੇ ਬਾਇਓਪਿਕ ਬਣਾਉਣ 'ਤੇ ਵਿਚਾਰ ਚੱਲ ਰਿਹਾ ਹੈ, ਪਰ ਉਹ ਨਹੀਂ ਚਾਹੁੰਦੀ ਕਿ ਉਨ੍ਹਾਂ 'ਤੇ ਬਾਇਓਪਿਕ ਬਣੇ। ਇਸ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਬਾਇਓਪਿਕ ਲਈ ਇੱਕ ਬਹੁਤ ਮਸਾਲੇਦਾਰ ਕਹਾਣੀ ਹੋਣੀ ਚਾਹੀਦੀ ਹੈ, ਜਦ ਕਿ ਉਨ੍ਹਾਂ ਦੀ ਕਹਾਣੀ ਵਿੱਚ ਕੋਈ ਮਸਾਲਾ ਨਹੀਂ ਹੈ, ਇਸ ਕਰ ਕੇ ਉਨ੍ਹਾਂ ਦੀ ਬਾਇਓਪਿਕ ਸਿਰਫ ਬੋਰਿੰਗ ਹੋਵੇਗੀ।


## 'ਅਤਰੰਗੀ ਰੇ' ਫਿਲਮ ਵਿੱਚ ਹੋਣਗੇ ਅਕਸ਼ੈ ਕੁਮਾਰ



ਲਗਾਤਾਰ ਫਿਲਮਾਂ ਕਰ ਰਹੇ ਅਕਸ਼ੈ ਕੁਮਾਰ ਨੇ ਆਨੰਦ ਐਲ ਰਾਏ ਦੀ ਫਿਲਮ 'ਅਤਰੰਗੀ ਰੇ' ਵਿੱਚ ਕੰਮ ਕਰਨ ਦੀ ਹਾਂ ਕਰ ਦਿੱਤੀ ਹੈ। ਫਿਲਮ ਦੇ ਨਾਂਅ ਦੀ ਤਰ੍ਹਾਂ ਫਿਲਮ ਦੀ ਸਟਾਰਕਾਸਟ ਵੀ ਮਜ਼ੇਦਾਰ ਹੈ। ਫਿਲਮ ਵਿੱਚ ਅਕਸ਼ੈ ਕੁਮਾਰ ਨਾਲ ਸਾਰਾ ਅਲੀ ਖਾਨ ਅਤੇ ਧਨੁਸ਼ ਵੀ ਹੋਣਗੇ। ਅਕਸ਼ੈ ਦਾ ਕਹਿਣਾ ਹੈ ਕਿ ਇਸ ਫਿਲਮ ਦੀ ਸਕ੍ਰਿਪਟ ਸੁਣਨ ਪਿੱਛੋਂ ਉਨ੍ਹਾਂ ਨੇ ਦਸ ਮਿੰਟ ਵਿੱਚ ਹੀ ਇਸ ਨੂੰ ਕਰਨ ਦੀ ਹਾਮੀ ਭਰ ਦਿੱਤੀ ਸੀ। ਉਸ ਨੇ ਦੱਸਿਆ ਕਿ ਇਸ ਫਿਲਮ ਨੂੰ ਸ਼ੂਟ ਕਰਨ ਵਿੱਚ ਉਸ ਨੂੰ ਓਨੇ ਦਿਨ ਲੱਗਣਗੇ, ਜਿੰਨੇ ਦਿਨ ਉਨ੍ਹਾਂ ਨੂੰ ਆਪਣੀਆਂ ਦੂਸਰੀਆਂ ਫਿਲਮਾਂ ਨੂੰ ਸ਼ੂਟ ਕਰਨ ਵਿੱਚ ਲੱਗਦੇ ਹਨ। ਅਕਸ਼ੈ ਮੁਤਾਬਕ ਉਨ੍ਹਾਂ ਦਾ ਕਿਰਦਾਰ ਇੰਨਾ ਖਾਸ ਸੀ ਕਿ ਉਹ ਨਾਂਹ ਨਹੀਂ ਕਰ ਸਕੇ। ਉਨ੍ਹਾ ਨੇ ਦੱਸਿਆ ਕਿ ਧਨੁਸ਼ ਤੇ ਸਾਰਾ ਨਾਲ ਫਿਲਮ ਵਿੱਚ ਉਨ੍ਹਾਂ ਦਾ ਕੰਮ ਵਾਕਈ ਇੱਕ ਅਜਬ ਮੇਲ ਹੈ। ਫਿਲਮ 'ਜ਼ੀਰੋ' ਦੇ ਬਾਅਦ ਆਨੰਦ ਐਲ ਰਾਏ ਇਸ ਫਿਲਮ ਦਾ ਨਿਰਦੇਸ਼ਨ ਕਰਨਗੇ। ਫਿਲਮ ਦੀ ਸਕ੍ਰਿਪਟ ਹਿਮਾਂਸ਼ੂ ਸ਼ਰਮਾ ਨੇ ਲਿਖੀ ਹੈ। ਅਕਸ਼ੈ ਨੂੰ ਫਿਲਮ ਵਿੱਚ ਲੈਣ ਦਾ ਕਾਰਨ ਦੱਸਦੇ ਹੋਏ ਆਨੰਦ ਨੇ ਕਿਹਾ ਕਿ ਇਸ ਕਿਰਦਾਰ ਲਈ ਜੋ ਚਾਹੀਦਾ ਸੀ, ਉਹ ਕਰਨ ਦਾ ਜੋਖਮ ਅਕਸ਼ੈ ਕੁਮਾਰ ਵਰਗੇ ਅਭਿਨੇਤਾ ਹੀ ਲੈ ਸਕਦੇ ਹਨ। ਸਾਰਾ ਅਲੀ ਖਾਨ ਅਤੇ ਧਨੁਸ਼ ਨੂੰ ਫਿਲਮ ਵਿੱਚ ਲਏ ਜਾਣ 'ਤੇ ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਦੋਵਾਂ ਦੀ ਜੋੜੀ ਕਾਫੀ ਦਿਲਚਸਪ ਅਤੇ ਦਰਸ਼ਕਾਂ ਦੇ ਲਈ ਨਵੀਂ ਹੋਵੇਗੀ।


ਬਿਜਲੀ ਦਾ ਕੋਈ ਵੀ ਛੋਟਾ/ਵੱਡਾ ਕੰਮ ਹੋਵੇ







For All Kinds of Electrical Work

(indoor/outdoor)
LED Pot Lights ਲਗਵਾਉਣ 'ਤੇ
DIMMER FREE ਲਗਵਾਓ

- Industrial Lighting/ Automation
- Residential/Commercial/Industrial
- Basement/Custom Homes Wiring
- Service Panel Upgrading
- Fire Alarm/ Securtiy System
- Drive way Lights
- CCTV Camera
- UPS & Battery Banks

Contact: Nirmal Singh Johal
(Certified Electrician)
647-716-2677

